# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਹਮ ਇਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ । ਦੁਸਟ ਦੋਖੀਅਨਿ ਪਕਰ ਪਛਾਰੋ ।

JAN 1981

ਜਨਵਰੀ ੧੯੮੧

## ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

(ਭਾ: ਗੁਰਦਾਸ)

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ
੧੨ ਜਨਵਰੀ ੧੯੮੧

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਦਸਮੇਸ਼-ਦਰਸ਼ਨ | ਦਸਮੇਸ਼ ਬਾਣੀ | ੩ |
| ਧਰਮ-ਵਿਥਾਰਕ ਦੁਸ਼ਟ-ਦਮਨ ਦਸਮੇਸ਼ ਜੀ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ | ੭ |
| ਲੋਭ ਵਿਕਾਰ ਜਿਨਾ ਮਨੁ ਲਾਗਾ | ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ੮ |
| ਇਕ ਜੋਦੜੀ (ਕਵਿਤਾ) | ਭਾਈ ਮੇਵਾ ਸਿੰਘ ਜੀ | ੧੧ |
| ਸਾਕਾ ਚਮਕੌਰ ਸਾਹਿਬ (ਗੰਜਿ ਸ਼ਹੀਦਾਂ) | ਮਿਰਜ਼ਾ ਅਲਾ ਯਾਰ ਖ਼ਾਂ ਜੋਗੀ | ੧੨ |
| ਮਹਲਾ ੫ ਗਾਥਾ (ਅਰਥ ਵਿਚਾਰ) | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੧੫ |
| ਧਰਮੁ ਪੰਖ ਕਰਿ ਉਡਰਿਆ | ਭਾਈ ਚਤਰ ਸਿੰਘ ਜੀ, ਕਾਰ ਸੇਵਾ ਕਮੇਟੀ ਦਿੱਲੀ | ੨੦ |
| ਗੁਰਦੁਆਰਾ ਕਮੇਟੀਆਂ ਤੇ ਗੁਰਸਿਖੀ ਪ੍ਰਚਾਰ | ਸ: ਮਨਮੋਹਨ ਸਿੰਘ ਜੀ M. Sc. | ੨੧ |
| ਦਸਮੇਸ਼ ਪਿਤਾ ਜੀ (ਕਵਿਤਾ) | ਸ: ਪਰਮਜੀਤ ਸਿੰਘ ਜੀ ਖਾਲਸਾ | ੨੪ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੨੮) | ਕੈਪਟਿਨ ਸਵਰਨ ਸਿੰਘ ਜੀ | ੨੫ |
| ਸਾਹਿਬ ਜ਼ਾਦਿਆਂ ਦੇ ਵਿਆਹ (ਕਵਿਤਾ) | ਸ: ਰਾਜਿੰਦਰ ਸਿੰਘ ਜੀ M A. | ੩੧ |
| ਉਹ ਦਸਮੇਸ਼ ਗੁਰੂ ਅੱਜ ਪ੍ਰਗਟਾਏ ਹੈਂ (ਕਵਿਤਾ) | ਗਿ: ਸਰੂਪ ਸਿੰਘ ਜੀ ਦਰਵੇਸ਼ | ੩੨ |
| ਇਸੁ ਮਨ ਕਉ ਕੋਈ ਖੋਜਹੁ ਭਾਈ | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੩੩ |
| ਸ: ਕਰਮ ਸਿੰਘ ਜੀ ਹਿਸਟੋਰੀਅਨ | ਗਿ: ਸੇਵਾ ਸਿੰਘ ਜੀ ਤਰਨ ਤਾਰਨ | ੩੬ |
| ਭਾਈ ਫੇਰੂ ਜੀ–ਸੱਚੀ ਦਾੜ੍ਹੀ | 'ਸੂਰਾ' ਪਰਵਾਰ | ੩੯ |
| ਖਾਲਸੇ ਨੂੰ ਬਾਣੀ ਤੇ ਬਾਣਾ | ਬੀਬੀ ਦਲਜੀਤ ਕੌਰ ਜੀ | ੪੧ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸ਼ਵ ਦਿਵਸ ੧੨ ਜਨਵਰੀ

## 'ਸੂਰਾ' ਮਾਸਕ ਪੱਤਰ ਨੂੰ ਪੂੰਜੀ ਸਹਾਇਤਾ

| | | |
|---|---|---|
| ਸ: ਸੁਖਦੇਵ ਸਿੰਘ ਜੀ ਫ਼ੀਰੋਜ਼ਪੁਰ ਸ਼ਹਿਰ ਵਲੋਂ ਭੁਜੰਗੀ ਦੀ ਖੁਸ਼ੀ ਵਿਚ | ... ... | ੧੧-੦੦ |
| ਸ: ਮਿਲਖੀ ਸਿੰਘ ਜੀ ਫ਼ੀਰੋਜ਼ਪੁਰ ਛਾਉਣੀ ਵਲੋਂ ਸਮਾਗਮ ਦੀ ਖੁਸ਼ੀ ਵਿਚ | ... ... | ੫-੦੦ |
| Wg Cdr ਸ. ਇੰਦਰਜੀਤ ਸਿੰਘ ਬੰਗਲੌਰ ਧਰਮਪਤਨੀ ਬੀਬੀ ਕੁਲਦੀਪ ਕੌਰ ਦੇ ਭੋਗ ਸਮੇਂ | | ੧੦੦-੦੦ |
| ਗਿ.ਦਾਤਾਰਸਿੰਘ ਹਰਜੀਤਸਿੰਘ ਦਿੱਲੀਸਪੁਤਰ ਹਰਜੀਤਸਿੰਘ ਦੀ ਨੌਕਰੀ ਲਗੱਣ ਦੀ ਖ਼ੁਸ਼ੀਵਿਚ | | ੧੧-੦੦ |
| W.O. ਗੁਰਬਖਸ਼ ਸਿੰਘ ਕਪੂਰਥਲਾ | ਭੁਜੰਗੀ ਦੇ ਆਨੰਦ ਕਾਰਜ ਦੀ ਖ਼ੁਸ਼ੀ ਵਿਚ | ੨੧-੦੦ |
| ਸ: ਗੁਰਬਖਸ਼ ਸਿੰਘ ਸਿਵੀਆ ਯੂ-ਕੇ. | ... ... ... ... ... | ੩੪-੨੦ |
| ਸ: ਅਵਤਾਰ ਸਿੰਘ ਮਠਾਰੂ–ਸ: ਰੇਸ਼ਮ ਸਿੰਘ ਮਾਠਰੂ ਕੁਵੈਤ | ... ... ... | ੮੦੦·੦੦ |
| ਸ: ਨਿਰਮਲ ਸਿੰਘ ਅੰਮ੍ਰਿਤਸਰ | ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਸਮੇਂ | ੫੦-੦੦ |
| ਸ: ਕਾਬਲ ਸਿੰਘ ਅੰਮ੍ਰਿਤਸਰ | ਸ੍ਰੀ ਅਖੰਡ ਪਾਠ ਸਮਾਗਮ ਦੇ ਭੋਗ ਸਮੇਂ | ੩੫-੦੦ |

ਸਤਿਗੁਰੂ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚਰਨਾਂ ਦੀ ਪ੍ਰੀਤ ਬਖਸ਼ਣ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੇੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੧. ੮੧ ਨੂੰ ਪ੍ਰਕਾਸ਼ਤ ਕੀਤਾ।
ਟੇਲੀਫੋਨ ਨੰਬਰ : 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ
ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੧੫ | ਜਨਵਰੀ ੧੯੮੧ | ਅੰਕ ੧


## ਦਸਮੇਸ਼ - ਦਰਸ਼ਨ

ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈਂ ਹੋ ਪਰਮ ਪੁਰਖ ਕਾ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ ॥ ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ ॥੩੩॥
ਕਹਿਓ ਪ੍ਰਭੂ ਸੁ ਭਾਖਿ ਹੋਂ ॥ ਕਿਸੂ ਨ ਕਾਨ ਰਾਖਿ ਹੋਂ ॥
ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥
ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮੁ ਗਾਇ ਹੋਂ ॥ ਪਰੱਮ ਪੁਰਖ ਪਾਇ ਹੋਂ ॥੩੫॥
ਜਟਾ ਨ ਸੀਸ ਧਾਰਿ ਹੋਂ ॥ ਨ ਮੁੰਦ੍ਰਕਾ ਸੁ ਧਾਰਿ ਹੋਂ ॥
ਨ ਕਾਨ ਕਾਹੂ ਕੀ ਧਰੋਂ ॥ ਕਹਿਓ ਪ੍ਰਭੂ ਸੁ ਮੈ ਕਰੋਂ ॥੩੬॥

[ਪਾ: ੧੦, ਬਚਿਤ੍ਰ ਨਾਟਕ, ਅਧਿਆਇ ੬




www.AKJ.Org

# ਧਰਮ-ਵਿਥਾਰਕ ਦੁਸ਼ਟ-ਦਮਨ ਦਸਮੇਸ਼ ਗੁਰੂ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥
[ਬਚਿਤ੍ਰ ਨਾਟਕ ਅਧਿਆਇ ੬

ਉਪਰਲੇ ਸ੍ਰੀ ਗੁਰੂ ਦਸਮੇਸ਼ ਮੁਖਵਾਕਾਂ ਅੰਦਰ ਸ੍ਰੀ ਦਸਮ ਗੁਰੂ ਪਾਤਸ਼ਾਹ ਕਲਗੀਧਰ ਮਹਾਰਾਜ ਦੇ ਆਗਮਨ ਦਾ ਤੱਤ ਉਦੇਸ਼ ਅਤੇ ਸਤਿ ਆਦਰਸ਼ ਅੰਕਤ ਹੈ। ਇਹ ਆਦਰਸ਼ ਉਦੇਸ਼ ਸਾਰੇ ਜਗਤ ਦੇ ਉਧਾਰ ਲਈ ਹੈ, ਕਿਸੇ ਖ਼ਾਸ ਤਬਕੇ ਯਾ ਫ਼ਿਰਕੇ ਲਈ ਮਖ਼ਸੂਸ (ਰਾਖਵਾਂ) ਨਹੀਂ। ਉਪਰਲੇ ਸ੍ਰੀ ਮੁਖ਼ਵਾਕ ਦੇ ਮੁਢ ਵਿੱਚ ਸਾਫ਼ ਲਿਖਿਆ ਹੋਇਆ ਹੈ "ਹਮ ਇਹ ਕਾਜ ਜਗਤ ਮੋ ਆਏ", ਭਾਵ ਦੇਵਾਨ-ਦੇਵ ਸੱਚੇ ਗੁਰਦੇਵ ਅਕਾਲ ਪੁਰਖ ਨੇ ਸਾਨੂੰ ਧਰਮ ਵਿਥਾਰਨ ਹੇਤ ਹੀ ਜਗਤ ਵਿਖੇ ਪਠਾਇਆ ਹੈ। ਸ੍ਰੀ ਦਸਮੇਸ਼ ਜੀ ਦਾ ਅਵਤਾਰ ਧਾਰਨ ਦਾ ਹੇਤੂ ਜਗਤ-ਉਧਾਰਨ, ਜਗਤ ਵਿਖੇ ਧਰਮ ਵਿਥਾਰਨ ਦਾ ਹੈ। ਸਾਰਾ ਜਗ ਉਧਾਰਨ ਲਈ ਹੀ ਜਗਤ ਵਿਖੇ ਆਏ ਅਤੇ ਗੁਰੂ ਅਵਤਾਰ ਦਾ ਜਾਮਾ ਧਾਰ ਕੇ ਆਏ। ਜਗਤ ਮੋ ਆਏ ਅਤੇ ਜਗਤ ਹੇਤ ਹੀ ਆਏ। ਜਿਥੇ ਜਨਮ ਧਾਰਿਆ, ਖਾਸ ਉੱਥੇ ਲਈ ਨਹੀਂ ਆਏ। ਪਟਣੇ ਸ਼ਹਿਰ ਵਿਖੇ ਭਵ ਲੈ ਕੇ, ਪੰਜਾਬ ਵਿਚ ਆ ਕੇ ਪਰਮ-ਧੁਜੀ-ਨੈਸ਼ਾਨ-ਦਮਾਮਾ ਬਜਾਉਣਾ ਇਸ ਗੱਲ ਦਾ ਲਖਾਇਕ ਹੈ ਕਿ ਸਮੇਂ ਅਨੁਸਾਰ ਤਦੋਂ ਓਥੋਂ ਹੀ ਜਗਤ-ਉੱਧਾਰ ਦਾ ਮੁਢ ਬੰਨ੍ਹਣ ਦੀ ਲੋੜ ਸੀ। ਜ਼ੋਰੋ-ਜ਼ੁਲਮ ਜ਼ੋਰਾਂ ਤੇ ਸੀ ਤਾਂ ਸਾਰੇ ਜਗਤ ਵਿਚੋਂ ਭਾਰਤ-ਵਰਸ਼ ਵਿਚ ਹੀ ਸੀ ਅਤੇ ਸਾਰੇ ਭਾਰਤ-ਵਰਸ਼ ਵਿਚੋਂ ਭਾਰਤ-ਵਰਸ਼ ਦੇ ਓਸੇ ਖ਼ਿਤੇ ਉੱਤੇ ਸੀ ਜਿੱਥੇ ਕਿ ਧੁਰੋਂ ਪਠਾਏ ਧਰਮ ਅਵਤਾਰ ਨੇ ਆਪਣੀ ਬਾਲ ਬਰੇਸ ਵਿੱਚ ਸ੍ਰੀ ਪਟਣਾ ਸਾਹਿਬ ਤੇ ਆ ਕੇ ਆਪਣੇ ਧਰਮ-ਧੂਜੀ ਮੈਦਾਨ ਮੱਲੇ ਅਤੇ ਜਗਤ-ਉੱਧਾਰ ਦਾ ਕੰਮ ਅਰੰਭ ਦਿੱਤਾ। ਜਗਤ-ਉੱਧਾਰ ਦਾ ਕੰਮ ਅਰੰਭ ਹੀ ਨਹੀਂ ਦਿੱਤਾ, ਸਗੋਂ ਜੁਗਾਂ ਜੁਗਾਂਤਰਾਂ ਲਈ ਜਗਤ-ਉੱਧਾਰ ਦੀ ਅਬਚਲ ਨੀਂਵ ਧਰ ਕੇ ਅਹਿੱਲ ਥੰਮ ਗੱਡ ਦਿੱਤੇ।

ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਦੇਵ ਭੂਮੀ ਦੇ ਵਿਸ਼ੇਸ਼ ਧਾਮ ਸ੍ਰੀ ਕੇਸਗੜ੍ਹ ਵਿਖੇ ਸ੍ਰੀ ਦਸਮੇਸ਼ ਜੀ ਨੇ ਜੁਗੋ ਜੁਗ ਅਟੱਲ ਰਹਿਣ ਵਾਲੇ ਧਰਮ ਰਖਸ਼ਕ, ਧਰਮ ਵਿਥਾਰਕ, ਧਰਮ ਉਬਾਰਕ, ਜਗਤ ਉੱਧਾਰਕ, ਮੁਬਾਰਕ ਖਾਲਸਾ ਪੰਥ ਦੀ ਸਾਜਨਾ (ਸਾਜੀ) ਕੀਤੀ, ਜਿਸ ਖਾਲਸਾ ਨੇਸ਼ਨ ਨੇ ਜਨਮ ਧਾਰਨ ਸਾਰ ਹੀ ਆਪਣੇ ਜਨਮ-ਦਾਤਾ ਦੇ ਬਲ ਨਾਲ ਸਦੀਆਂ ਤੋਂ ਜੰਮੇ ਹੋਏ ਜ਼ੁਲਮ-ਰਾਜ ਦੀ ਜੜ੍ਹ ਹਿਲੂਣ ਦਿੱਤੀ ਅਤੇ ਸੱਚੇ ਧਰਮ ਦਾ ਹਲੇਮੀ ਰਾਜ ਵਿਥਾਰਨਾ ਅਰੰਭ ਦਿੱਤਾ। ਧਰਮ ਚਲਾਵਨ, ਧਰਮੀਆਂ ਨੂੰ ਉਬਾਰਨ ਅਤੇ ਧਰਮ-ਦ੍ਵੈਖੀ-ਦੁਸ਼ਟਾਂ ਦਾ ਮੂਲ ਉਪਾਰਨ ਲਈ, ਜਗਤ-ਉੱਧਾਰ-ਕੁਰਬਾਨੀ ਦੀ ਜਗ-ਵੇਦੀ ਵਿਖੇ ਧਰਮੱਗ ਪੁਰਸ਼ਾਂ ਦੇ ਜੀਵਨਾਂ ਦੀ ਉਹ ਅਹੂਤੀ ਦਿੱਤੀ ਕਿ ਸਦੀਵ ਲਈ ਜੁਗੋ ਜੁਗ ਕੁਰਬਾਨੀ ਵਾਲੀ ਖਾਲਸ ਕੌਮ ਦੀ ਕਾਇਮੀ ਦਾ ਧੁਰਵਾ ਬੱਝ ਗਿਆ।

ਹਾਂ ਜੀ ! ਕੁਰਬਾਨੀ ਕੇਵਲ ਧਰਮੀ ਜੀਵਨ ਹੀ ਕਰ ਸਕਦੇ ਹਨ। ਇਸ ਧਰਮ-ਜੀਵਨ-ਕਣੀ ਤੋਂ ਸ਼ੂਨ ਕ੍ਰੋੜਾਂ ਹਿੰਦ ਵਾਸੀ, ਕਾਇਰਾਂ ਦੀ ਮੌਤ ਮਰ ਰਹੇ ਸਨ, ਜਾਬਰਾਂ ਦੇ ਜ਼ੋਰੋ-ਸਿਤਮ ਦਾ ਸ਼ਿਕਾਰ ਬਣ ਰਹੇ ਸਨ, ਭੇਡਾਂ ਵਾਂਗੂ ਦੀਨ ਹੀਨ ਹੋ ਕੇ ਜ਼ਾਲਮਾਂ ਦੀ ਈਨ ਮੰਨ ਰਹੇ ਸਨ। ਕਿਸੇ ਕੌਮ ਦੇ ਨੇਤਾ ਵਿਚ ਇਹ ਅਣਖ ਸਾਹਸ ਨਹੀਂ ਰਹੀ ਸੀ ਕਿ ਦੇਸ਼ ਅਤੇ ਕੌਮ ਦਾ ਧਰਮ ਈਮਾਨ ਬਚਾਉਣ ਲਈ ਕੋਈ ਕੁਰਬਾਨੀ ਕਰ ਸਕੇ। ਇਸ ਦਾ ਕਾਰਨ ਇਹ ਸੀ ਕਿ ਕਿਸੇ ਦੇ ਜੀਵਨ ਵਿਚ ਸੱਚੇ ਧਰਮ ਦੀ ਅੰਸ਼ ਮੌਜੂਦ ਨਹੀਂ ਸੀ।

ਸ੍ਰੀ ਦਸਮੇਸ਼-ਆਦਰਸ਼ ਤੋਂ ਅਗਿਆਤ ਲੋਕਾਂ ਦੀ ਅਲਪੱਗ ਬੁੱਧੀ ਵਾਲੀ ਸਮਝ ਵਿਚ



www.AKJ.Org

ਇਹ ਗੱਲ ਨਹੀਂ ਆਉਂਦੀ ਕਿ ਸ੍ਰੀ ਦਸਮੇਸ਼ ਜੀ ਦੇ ਉਪਰਲੇ ਮੁਖਵਾਕ ਅੰਦਰ ਧਰਮ ਵਿਥਾਰਨ ਅਤੇ ਦੁਸ਼ਟ ਬਿਦਾਰਨ ਦੀਆਂ ਦੋ ਮੁਤਜ਼ਾਦ ਬੁਝਾਰਤਾਂ ਕਿਉਂ ਆਉਂਦੀਆਂ ਹਨ। ਉਹਨਾਂ ਨੂੰ ਇਹ ਮੁਤਜ਼ਾਦ (ਵਿਰੋਧੀ) ਬੁਝਾਰਤਾਂ ਹੀ ਦੀਹਦੀਆਂ ਹਨ। ਦਰ-ਅਸਲ ਇਹ ਮੁਤਜ਼ਾਦ ਨਹੀਂ, ਦੁਸ਼ਟਾਂ ਦੀ ਦੁਸ਼ਟਤਾਈ ਦਮਨ ਕੀਤੇ ਬਾਝੋਂ ਜਗਤ ਉੱਧਾਰ ਅਤੇ ਧਰਮ ਦਾ ਵਿਥਾਰ ਹੋਣਾ ਹੀ ਅਸੰਭਵ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ ਦੁਸ਼ਟਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਹਨਾਂ ਦੁਸ਼ਟਾਂ ਦਾ ਉੱਧਾਰ ਕਰਦੇ ਹਨ। ਉਹਨਾਂ ਦੁਸ਼ਟਾਂ ਨੂੰ ਮਾਰਦੇ ਨਹੀਂ, ਉਹਨਾਂ ਦੀ ਦੁਸ਼ਟਤਾਈ ਨੂੰ ਨਿਵਾਰਦੇ ਹਨ। ਜੇ ਹੋਰ ਕਿਸੇ ਬਿਧਿ ਭੀ ਇਹ ਦੁਸ਼ਟਤਾਈ ਦੁਸਟਾਂ ਦੀ ਦੂਰ ਨਾ ਹੋਵੇ ਤਾਂ ਦੁਸ਼ਟਾਂ ਨੂੰ ਆਪਣੇ ਦਸਤੇ-ਮੁਬਾਰਕ ਨਾਲ ਖੰਡੇ ਦੀ ਧਾਰ ਉੱਤੇ ਚਾੜ੍ਹ ਕੇ ਉਹਨਾਂ ਦਾ ਜਨਮ ਮਰਨ ਨਿਵਾਰ ਦਿੰਦੇ ਹਨ ਅਤੇ ਉਹਨਾਂ ਅੰਦਰ ਨਵੀਂ ਜਾਨ ਪਾ ਦਿੰਦੇ ਹਨ। ਖੰਡੇ ਦੀ ਧਾਰ ਤੇ ਚਾੜ੍ਹ ਕੇ ਹੀ ਸ੍ਰੀ ਦਸਮੇਸ਼ ਜੀ ਨੇ ਦੁਸ਼ਟ-ਜੀਵਨੀ-ਜੰਤਾਂ ਦੀ ਜਾਨ-ਪ੍ਰਾਣ-ਸੰਜੀਵਨੀ ਸੁਦੇਹੀ ਕੁਰਬਾਨੀ ਲੈ ਕੇ, ਉਨ੍ਹਾਂ ਅੰਦਰ ਸਦ-ਜੀਵਨੀ ਕੁਰਬਾਨੀ ਵਾਲੀ ਜਾਨ ਪਾ ਦਿੱਤੀ। ਐਥੋਂ ਤਾਈਂ ਕਿ ਸਦਜੀਵਨੀ ਜਾਨ ਪ੍ਰਾਣ ਦਾਤਿਆਂ ਦਾ ਖਾਲਸਾ ਪੰਥ ਸਜਾ ਦਿਤਾ ਅਤੇ ਖਾਲਸ ਕੁਰਬਾਨੀ ਦੇ ਖ਼ਮੀਰ ਨੂੰ ਜੁਗਜੀਵਨਾ ਕਰ ਦਿੱਤਾ, ਜੋ ਜੁਗਾਂ ਤਾਈਂ ਸੁਰਜੀਤ ਰਹੇਗਾ। ਜਦੋਂ ਭੀ ਜਗਤ ਅੰਦਰ ਜ਼ੁਲਮ ਅਤੇ ਅਧਰਮ ਦੀ ਗਿਲਾਨੀ ਹੋਵੇਗੀ, ਇਹ ਸਦਜੀਵਨਾ ਧਰਮੀ ਪੰਥ ਅਤੁਟ ਕੁਰਬਾਨੀਆਂ ਦੇ ਕੇ ਧਰਮ ਨੂੰ ਸੁਰਜੀਤ ਕਰੇਗਾ ਅਤੇ ਅਧਰਮ ਜ਼ੁਲਮ ਪਾਪ ਨੂੰ ਨਸ਼ਟ ਕਰੇਗਾ।

ਜਗਤ ਦੇ ਜੀਵਾਂ ਅੰਦਰ ਧਰਮ-ਜੀਵਨੀ-ਅੰਸ ਅੰਸਰਤ ਹੋਏ ਬਾਝੋਂ ਦੁਸ਼ਟਤਾ ਦਾ ਰੋਗ ਦੂਰ ਨਹੀਂ ਹੋ ਸਕਦਾ, ਦੁਸ਼ਟਾਂ ਦਾ ਰੋਗ ਨਿਵਾਰਨਾ ਪਰਮ ਜ਼ਰੂਰੀ ਹੈ। ਸਤਿਗੁਰੂ ਦਸਮੇਸ਼ ਜੀ ਨੇ ਪੰਜਾਂ ਦੂਤਾਂ ਸੇਤੀ ਗ੍ਰਸਤ ਹੋਏ ਦੁਸ਼ਟਤਾ ਦੇ ਜੀਵਨ ਵਾਲੇ ਦੁਸ਼ਟ ਮੁਜੱਸਮੀ ਰੋਗੀਆਂ ਨੂੰ ਅਮਰ-ਜੀਵਨ-ਬੂਟੀ ਦੀ ਜਾਗ, ਖੰਡੇ ਦੀ ਧਾਰ ਉਤੇ ਲਾ ਕੇ ਸੁਰਜੀਤ ਕੀਤਾ ਅਤੇ ਖਾਲਸ-ਧਰਮ-ਅੰਸੀ ਆਤਮ-ਜੋਤਿ ਅਤੇ ਤੇਜ-ਤੱਤ ਦਾ ਖ਼ਮੀਰ ਮਿਲਾ ਕੇ ਧਰਮ ਬੀਰ ਸੂਰਮਿਆਂ, ਉਪਕਾਰੀ ਜੋਧਿਆਂ ਦੀ ਕੌਮੀਅਤ ਵਾਲਾ ਪ੍ਰਮਾਰਥੀ ਪੰਥ ਪ੍ਰਚਲਤ ਕੀਤਾ। ਇਕ ਇਕ ਦੇ ਜੀਵਨ ਅੰਦਰ ਸਵਾ ਸਵਾ ਲਖ ਦੀ ਸਪਿਰਿਟ ਭਰੀ। ਇਸ ਬਿਧਿ ਜ਼ੁਲਮ ਦੀ ਗੂਣ ਨਾਲ ਲੱਦੇ ਹੋਏ ਗੀਦੀ ਮਜ਼ਲੂਮਾਂ ਦੀਆਂ ਖੂਹਣੀਆਂ ਨੂੰ ਚੰਦ ਟਿਕ ਚੁਣ-ਕੱਢੇ-ਲਧੋਵਾਰਿਆਂ ਦੇ ਸਹਾਰੇ ਉਭਾਰ ਲਿਆ। ਹੁਣ ਭੀ ਜ਼ੁਲਮ ਅਤੇ ਤ੍ਰਿਸ਼ਨਾ ਦੀ ਅਗਨੀ ਨਾਲ ਜਲੰਦੇ ਜਗਤ ਨੂੰ ਜਦੋਂ ਕਦੋਂ ਉਭਾਰਨਾ ਹੈ ਤਾਂ ਸ੍ਰੀ ਦਸਮੇਸ਼ ਜੀ ਦੇ ਜੁਗੋ ਜੁਗ ਜੀਉਂਦਿਆ-ਬੀਰ-ਸਪਿਰਿਟ-ਸਵਾਲੱਖੀਆਂ ਦੇ ਸਮੂਹ ਅਸੰਖ ਬਲ-ਧਾਰੀ-ਧਰਮੱਗੀਆਂ ਤੇ ਪਰ-ਉਪਕਾਰੀਆਂ ਨੇ ਹੀ ਉਭਾਰਨਾ ਹੈ।

ਜਿਨ੍ਹਾਂ ਦਾ ਜ਼ਮੀਰ ਅੰਤਸ਼ਕਰਣ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਦਬਾਉ ਹੇਠ ਦਬਾਈ ਪਈ ਹੈ ਉਹਨਾਂ ਨੇ ਕੀ ਉਭਰਨਾ ਹੈ ਤੇ ਕੀ ਕਿਸੇ ਨੂੰ ਉਭਾਰਨਾ ਹੈ? ਜੋ ਖ਼ੁਦ ਤ੍ਰਿਸ਼ਨਾ, ਕਾਮਨਾ, ਈਰਖਾ, ਦ੍ਵੈਖ, ਖ਼ੁਦੀ, ਬਖ਼ੀਲੀ, ਤਕੱਬਰੀ ਦੇ ਭਾਰ ਹੇਠ ਆ ਕੇ ਦੜ੍ਹੇ (ਦਲੇ ਮਲੇ) ਪਏ ਹਨ ਉਹ ਭਲਾ ਦੂਜਿਆਂ ਨੂੰ ਉਭਾਰਨ ਸੁਧਾਰਨ ਦੀਆਂ ਕੀ ਡੀਂਗਾਂ ਮਾਰ ਸਕਦੇ ਹਨ? ਅਚਾਰ-ਹੀਣ, ਜੀਵਨ ਆਤਮ ਸ਼ਕਤ ਹੀਣ, ਸੂਰਬੀਰਤਾ ਹੀਣ, ਧਰਮ-ਬੀਰਤਾ ਹੀਣ, ਗੰਭੀਰਤਾ ਹੀਣ, ਰਾਜ ਤ੍ਰਿਸ਼ਨਾਲੂ ਬੁਲ-ਹਵਸੀ ਰੀਫ਼ਾਰਮਰਾਂ ਅਤੇ ਪ੍ਰਸਪਰ ਖਹਿ ਖਹਿ ਲੜਨ ਮਰਨ-ਹਾਰੇ ਸੁੱਕੇ ਦੇਸ਼ ਭਗਤਾਂ ਦੇ ਟੋਲੇ ਅਰਬਾਂ ਖ਼ਰਬਾਂ ਦੀ ਗਿਣਤੀ ਵਿੱਚ ਰਲ ਮਿਲ ਕੇ ਭੀ ਕਿਸੇ ਦੇਸ਼ ਯਾ ਕੌਮ ਦਾ ਉੱਧਾਰ ਨਹੀਂ ਕਰ ਸਕਦੇ। ਜਿਨ੍ਹਾਂ ਦਾ ਜੀਵਨ ਨਹੀਂ ਸੋਧਿਆ ਗਿਆ, ਜਿਨ੍ਹਾਂ ਦਾ ਆਪਾ ਨਹੀਂ ਪਰਬੋਧਿਆ ਗਿਆ, ਜਿਨ੍ਹਾਂ ਦਾ ਆਚਾਰ ਨਹੀਂ ਸੁਧਾਰਿਆ ਗਿਆ, ਜਿਨ੍ਹਾਂ ਤੋਂ ਆਪਣਾ ਹੀ ਤ੍ਰਿਸ਼ਨਾਲੂ ਮਨੂਆ ਨਹੀਂ ਮਾਰਿਆ ਗਿਆ, ਉਹ ਨਫ਼ਸ-ਅਮਾਰਾ (ਸ਼ੈਤਾਨੀ ਫ਼ਿਤਰਤ) ਦੇ ਸੁਆਧੀਨ ਕੈਦੀ, ਮੁਲਕ ਨੂੰ ਪ੍ਰਾਧੀਨਤਾ ਤੋਂ ਕਿਵੇਂ ਆਜ਼ਾਦ ਕਰਾ ਸਕਦੇ ਹਨ? ਮੰਨਿਆ ਕਿ ਇਹਨਾਂ ਆਜ਼ਾਦੀ-ਮਾਂਗਰਾਂ (Mongers) ਨੂੰ ਰੂਹਾਨੀ ਆਜ਼ਾਦੀ ਦਰਕਾਰ ਨਹੀਂ, ਪਰ ਪੰਚ ਦੂਤਾਂ ਦੇ ਬੰਧੂਆਂ ਤੋਂ, ਨਫ਼ਸੇ-ਅਮਾਰਾ ਦੇ ਗ਼ੁਲਾਮਾਂ ਤੋਂ ਸਿਆਸੀ ਗ਼ੁਲਾਮੀ ਦੇ ਬੰਧਨ ਭੀ ਨਹੀਂ ਟੁਟ ਸਕਦੇ।



www.AKJ.Org

ਅਸਾਡੇ ਦੁਸ਼ਟ-ਦਮਨ ਧਰਮ ਰਖਯਕ, ਧਰਮ ਵਿਥਾਰਕ ਦਸਮੇਸ਼ ਪਿਤਾ ਨੇ ਪਹਿਲਾਂ ਅੰਦਰਲੇ ਦੂਤ-ਦੁਸ਼ਟਾਂ ਤੋਂ ਅਧਿਕਾਰੀ ਜਨਾਂ ਦੇ ਫੰਧ ਛੁਡਾਏ, ਅਤੇ ਜੀਅ-ਦਾਨ ਦੀ ਆਤਮ-ਕਣੀ ਉਹਨਾਂ ਦੇ ਜੀਵਨਾਂ ਅੰਦਰ ਸੰਚਰ ਕੇ, ਉਨ੍ਹਾਂ ਨੂੰ ਧਰਮੱਗ ਅਤੇ ਧਰਮ ਬੀਰ ਬਣਾਇਆ, ਫਿਰ ਉਹਨਾਂ ਤੋਂ ਦੇਸ਼ ਕੌਮ ਦਾ ਉੱਧਾਰ ਕਰਾਇਆ ਅਤੇ ਉਨ੍ਹਾਂ ਤੋਂ ਵੀ ਬਾਹਰਲੇ ਦੂਤ ਮੁਜੱਸਮੀ ਦੁਸ਼ਟਾਂ ਜ਼ਾਲਮਾਂ ਦਾ ਦਮਨ ਕਰਾਇਆ। ਧਰਮੀ ਬੀਰ ਸਜਾ ਕੇ ਉਨ੍ਹਾਂ ਨੂੰ ਦੁਸ਼ਟਦਮਨ ਮੰਤ੍ਰਨੀ ਸੰਥਿਆ ਵਾਲੀ ਨਿਤਨੇਮੀ ਚੌਪਈ ਪੜ੍ਹਨੀ ਸਿਖਾਈ। ਇਹਨਾਂ ਧਰਮੱਗ ਸੂਰਬੀਰਾਂ ਦੀ ਰਹਿਰਾਸ ਵਿਚ ਨਿਤ ਸੰਧਿਆ ਸਮੇਂ ਅਰਦਾਸ ਹੀ ਇਹਨਾਂ ਅੰਤਰ ਬਾਹਰਲੇ ਦੁਸ਼ਟ ਦੂਤਾਂ ਨੂੰ ਮਾਰ ਬਿਦਾਰਨ ਦੀ ਹੁੰਦੀ ਹੈ। ਜਦੋਂ ਉਹ ਬਿਨੇ ਬਿਰਤੀ ਧਾਰ ਕੇ ਪੜ੍ਹਦੇ ਹਨ—"ਹਮਰੇ ਦੁਸ਼ਟ ਸਭੈ ਤੁਮ ਘਾਵਹੁ" ਤਾਂ ਉਹਨਾਂ ਦੀ ਮੁਰਾਦ ਹਮਾਰੇ ਦੁਸ਼ਟਾਂ ਤੋਂ ਦੇਸ ਕੌਮ ਦੇ ਸਾਂਝੇ ਦੁਸ਼ਟਾਂ ਦੀ ਹੁੰਦੀ ਹੈ ਅਤੇ ਘਾਵਣ ਤੋਂ ਮੁਰਾਦ, ਮੁਖ ਤਾਂ ਦੁਸ਼ਟਾਂ ਦੀ ਦੁਸ਼ਟਤਾਈ ਬਿਦਾਰਨ ਤੋਂ ਹੈ, ਫੇਰ ਧਰਮ-ਵਿਰੋਧੀ ਦੁਸ਼ਟਾਂ ਅਤੇ ਦੀਨ ਪਰਜਾ ਦੇ ਮੁਜੱਸਮ ਦੂਤ ਜ਼ਾਲਮਾਂ ਤੋਂ ਹੈ ਅਤੇ ਅੰਦਰਲੇ ਪੰਜ ਦੂਤ ਦੁਸ਼ਟਾਂ ਦੇ ਬਿਦਾਰਨ ਦੀ ਤਾਂ ਖਿਨ ਖਿਨ ਉੱਦਮ ਸਾਹਸੀ ਪ੍ਰਾਰਥਨਾ ਉਹਨਾਂ ਦੀ ਬਣੀ ਰਹਿੰਦੀ ਹੈ। ਧਰਮ ਧੁਰੰਧਰੀ ਦਸਮੇਸ਼ ਜੀ ਦੀਆਂ ਦੁਸ਼ਟ-ਦਮਨ ਫ਼ੌਜਾਂ ਨੂੰ ਆਪਣੇ ਪਰਾਏ ਦੀ ਕੋਈ ਕਾਣ ਨਹੀਂ, ਦੁਸ਼ਟ ਜ਼ਾਲਮ ਧਰਮ-ਵੈਰੀ, ਪਰਜਾ ਦ੍ਰੋਹੀ, ਵਿਸਾਹਘਾਤੀ ਭਾਵੇਂ ਆਪਣੇ ਦੇਸ ਦਾ ਹੀ ਹੋਵੇ, ਆਪਣੇ ਹੀ ਕੌਮ-ਕਬੀਲੇ ਦਾ ਹੋਵੇ, ਉਹ ਸਭ ਨੂੰ ਸੋਧਣ ਪ੍ਰਬੋਧਣਗੇ ਅਤੇ ਉਹਨਾਂ ਦੀ ਦੁਸ਼ਟਤਾਈ ਨੂੰ ਦਮਨ ਕਰ ਕੇ ਹੀ ਦਮ ਲੈਣਗੇ।

ਐਸਾ ਦੁਸ਼ਟ-ਬਿਦਾਰੀ, ਦੁਸ਼ਟ-ਦਮਨਾਰੀ-ਧਰਮੀ-ਖਾਲਸਾ-ਪੰਥ ਸ੍ਰੀ ਦਸਮੇਸ਼ ਜੀ ਨੇ ਸਾਜਿਆ ਹੈ ਕਿ ਉਸ ਵਿੱਚੋਂ ਦੁਸ਼ਟ-ਦਮਨ ਪਰ-ਉਪਕਾਰੀਆਂ ਦਾ ਬੀਜ ਨਾਸ਼ ਕਦੇ ਨਹੀਂ ਹੋਵੇਗਾ। ਖਾਲਸਾ ਪੰਥ ਅੰਦਰ ਐਸੀਆਂ ਪਰਉਪਕਾਰੀ ਰੂਹਾਂ ਸਦ ਸਦਾ ਹੀ ਉਪਜਦੀਆਂ ਰਹਿਣਗੀਆਂ, ਜਿਨ੍ਹਾਂ ਦੀ ਪਨੀਰੀ ਰਹਿੰਦੀ ਦੁਨੀਆ ਤਾਈਂ ਲਹਿਲਹਾਂਦੀ ਰਹੇਗੀ।

ਮਤ ਅੰਦੇਸ਼ਾ ਕਰੋ ਕਿ ਅੱਜ ਪੂਜਾ ਦੇ ਲੋਭੀਆਂ ਤੇ ਨਾਸਤਕਾਂ ਨੇ ਅਸਾਡੇ ਪੰਥ ਵਿਚੋਂ ਹੀ ਉੱਗ ਕੇ ਗੁਰਦੁਆਰਾ ਫੰਡ ਸਾਂਭਣ ਦੀ ਹਮਾਕਤ ਕੀਤੀ ਹੈ, ਇਹ ਸਭ ਸੋਧੇ ਜਾਣਗੇ ਅਤੇ ਚੁਣ ਚੁਣ ਕੇ ਸੋਧੇ ਜਾਣਗੇ। ਮਸੰਦ-ਗਰਦੀ ਮਿਟ ਜਾਏਗੀ, ਨਾਸਤਕ-ਗਰਦੀ ਸਭ ਖੈ ਹੋ ਜਾਏਗੀ ਅਤੇ ਨਾਸਤਕਾਂ ਦੀ ਮਲੇਛਤਾ ਭੀ ਸਭ ਮਲੀਆਮੇਟ ਹੋ ਜਾਏਗੀ। ਓੜਕ ਦੁਸ਼ਟ-ਦਮਨ ਦਸਮੇਸ਼ ਗੁਰੂ ਦਾ ਦੁਲਾਰਾ ਪੰਥ ਸਾਰਿਆਂ ਦੀ ਦੁਸ਼ਟਤਾਈ ਦੇ ਬਖੀਏ ਉਧੇੜ ਦੇਵੇਗਾ। ਧਰਮ ਦਾ ਖਾਅਸਾ ਹਲੇਮੀ ਰਾਜ ਹੋਵੇਗਾ, ਕੋਈ ਦੁਸ਼ਟ ਮਲੇਛ ਆਕੀ ਨਹੀਂ ਰਹੇਗਾ। ਮਲੇਛਾਂ ਦੀ ਸਫ਼ਾ ਉਠ ਜਾਏਗੀ। ਖਜਲ ਖੁਆਰ ਹੁੰਦੇ ਸਭ ਰਾਹੇ-ਰਾਸਤ ਉਤੇ ਆ ਜਾਣਗੇ ਅਤੇ ਸ੍ਰੀ ਦਸਮੇਸ਼ ਦੇ ਆਦਰਸ਼ ਤੇ ਚਲ ਕੇ ਹੀ ਦੇਸ਼-ਉੱਧਾਰ ਹੋਏਗਾ। ਦੇਸ਼ ਦਾ ਕੀ, ਸਾਰੇ ਜਗਤੰ ਦਾ ਉੱਧਾਰ ਹੋਏਗਾ ਅਤੇ ਸਮੂਹ ਜ਼ਾਲਮ ਦੁਸ਼ਟਾਂ ਦਾ ਨਾਸ ਹੋਵੇਗਾ।

ਧਰਮ ਧੁਰੰਧਰੀ ਮਰਯਾਦਾ ਪਰਸ਼ੋਤਮ ਸਤਿਗੁਰੂ ਦਸਮੇਸ਼ ਜੀ ਨੇ :—

ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ ॥ ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸਬਦ ਮਹਿ ਲੇਹ ॥

ਮਈ ਹੁਕਮ ਦਾ ਅਕਾਲੀ ਢੰਡੋਰਾ ਫੇਰ ਕ ਹਮੇਸ਼ਾ ਲਈ ਗੁਰੂ-ਡੰਮ੍ਹ-ਗਰਦੀ ਦਾ ਭੀ ਨਮੂਦ ਉਡਾ ਦਿੱਤਾ। ਜਿਸ ਪ੍ਰਕਾਰ ਆਪਣੇ ਜੀਵਨ, ਹਿਆਤੀ, ਦੁਸ਼ਟ-ਦਮਨਤਾ ਦੇ ਸੰਗ੍ਰਾਮ ਅੰਦਰ, ਦੁਸ਼ਟ-ਦਮਨ ਦਸਮੇਸ਼ ਸਤਿਗੁਰੂ ਨੇ ਆਪਣੇ ਹੱਥੀਂ ਮਸੰਦਾਂ ਦੀ ਗੁਰੂ-ਡੰਮ੍ਹ ਦਾ ਬਿਨਾਸ਼ ਕੀਤਾ ਏਸੇ ਪ੍ਰਕਾਰ ਸਤਿਗੁਰੂ ਦਸਮੇਸ਼ ਜੀ ਦਾ ਸਾਜਿਆ ਹੋਇਆ ਦੁਸ਼ਟ-ਦਮਨ-ਖਾਲਸਾ-ਪੰਥ ਵਰਤਮਾਨ ਹਾਲ ਦੀ ਵਧ ਰਹੀ ਗੁਰੂ-ਡੰਮ੍ਹ ਦਾ ਬੀਜ ਨਾਸ਼ ਕਰੇਗਾ ਅਤੇ ਜਦੋਂ ਜਦੋਂ ਭੀ ਇਹ ਬੀਮਾਰੀ ਫੇਰ ਉਗੇਗੀ ਤਦੋਂ ਤਦੋਂ ਹੀ ਗੁਰੂ ਖਾਲਸਾ ਇਸ ਬੀਮਾਰੀ ਨੂੰ ਦੂਰ ਕਰਦਾ ਰਹੇਗਾ, ਆਪਣੇ ਪਰਾਏ ਦੀ ਕਾਣ ਨਹੀਂ ਰਖੇਗਾ। ['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ



www.AKJ.Org

# ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ

[ਵਲੋਂ:—ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ]

ਸੰਸਾਰ ਵਿਚ ਤਿੰਨ ਕਿਸਮ ਦੇ ਵਿਅਕਤੀ ਮਿਲਦੇ ਹਨ—ਇਕ ਉਹ ਜਿਨ੍ਹਾਂ ਦਾ ਪਿਤਾ-ਪਿਤਾਮਾ ਮਹਾਨ ਹੋਇਆ ਤੇ ਇਸ ਫ਼ਖਰ ਨਾਲ ਆਪਣੀ ਮਹਾਨਤਾ ਦਾ ਵੀ ਚਰਚਾ ਕਰ ਲੈਂਦੇ ਹਨ। ਦੂਜੇ ਉਹ ਲੋਕ ਹਨ ਜੋ ਖ਼ੁਦ ਕਿਸੇ ਖੇਤਰ ਵਿਚ ਮਹਾਨ ਹਨ, ਭਾਵੇਂ ਉਨ੍ਹਾਂ ਦੇ ਪਿਤਾ-ਪਿਤਾਮਾ ਸਧਾਰਨ ਪਰਕਾਰ ਦੀ ਹੈਸੀਅਤ ਹੀ ਰਖਦੇ ਸਨ। ਤੀਜੀ ਕਿਸਮ ਦੇ ਮਨੁਖ ਉਹ ਹਨ ਜਿਨ੍ਹਾਂ ਦਾ ਪਿਤਾਮਾ ਤਾਂ ਮਹਾਨ ਨਹੀਂ ਸੀ, ਤੇ ਨਾ ਹੀ ਆਪਣੀ ਹੀ ਮਾਣ ਕਰਨ ਜੋਗੀ ਸ਼ਖਸੀਅਤ ਹੁੰਦੀ ਹੈ, ਪਰੰਤੂ ਉਹ ਆਪਣੇ ਸੁਯੋਗ ਸਪੁੱਤਰਾਂ ਸਦਕੇ ਇਕ ਗੌਰਵ ਜ਼ਰੂਰ ਅਨੁਭਵ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਇਨ੍ਹਾਂ ਤਿੰਨਾਂ ਕਿਸਮਾਂ ਤੋਂ ਵਿਲੱਖਣ ਹੈ ਤੇ ਇਸ ਦੀ ਮਿਸਾਲ ਇਤਿਹਾਸ ਵਿਚ ਘਟ ਹੀ ਮਿਲਦੀ ਹੈ। ਜਿਥੇ ਉਹ ਆਪ ਅਨੇਕ-ਪੱਖੀ ਵਡਿਆਈ ਦੇ ਮਾਲਕ ਸਨ, ਉਥੇ ਉਨ੍ਹਾਂ ਦੇ ਪਿਤਾ-ਪਿਤਾਮਾ ਜਾਂ ਦਾਦਾ-ਪੜਦਾਦਾ ਤਕ ਵੀ ਕਲਾਧਾਰੀ ਮਹਾਂਪੁਰਖ ਸਨ। ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ, ਮਹਾਨ ਕਵੀ ਤੇ ਕੁਰਬਾਨੀ-ਪੁੰਜ ਸਨ। ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇਗ ਦੇ ਧਨੀ ਸਨ ਅਤੇ ਪਿਤਾ ਗੁਰੂ, ਤਿਆਗ ਵੈਰਾਗ ਤੇ ਬਲੀਦਾਨ ਦੀ ਸਾਮਰਤੱਖ ਮੂਰਤਿ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਿਅਕਤਿੱਤਵ ਏਸ ਵਿਰਾਸਤ ਦਾ ਸੰਗਮ ਸਿਧ ਹੋਇਆ। ਜਿਥੇ ਉਹ ਪੜਦਾਦੇ ਵਾਂਗ ਵਿਦਵਾਨ ਕਵੀ ਸਨ, ਉਥੇ ਦਾਦੇ ਵਾਂਗ ਮਹਾਨ ਤਲਵਰੀਏ ਵੀ ਸਨ ਤੇ ਪਿਤਾ ਵਾਂਗ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਉਤਸ਼ਾਹ-ਭਰਪੂਰ ਸਨ। ਫਿਰ ਇਸ ਤੋਂ ਵੀ ਅਗੇ ਕਮਾਲ ਦੀ ਗੱਲ ਇਹ, ਕਿ ਆਪ ਦੇ ਚਾਰੇ ਸਪੁੱਤਰ ਵੀ ਕੁਰਬਾਨੀਆਂ ਦੇ ਸਦਕੇ ਇਤਨੇ ਮਹਾਨ ਸਿਧ ਹੋਏ ਕਿ ਤਵਾਰੀਖ਼ ਉਨ੍ਹਾਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ। ਇਹ ਗੱਲ ਗੁਰੂ ਸਾਹਿਬ ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਹੈ ਕਿ ਜਿਵੇਂ ਉਨ੍ਹਾਂ ਦੇ ਵਡੇਰਿਆਂ ਨੇ ਆਪਣੇ ਬਲੀਦਾਨ ਰਾਹੀਂ ਜ਼ਿੰਦਗੀ ਨੂੰ ਸਰਬ-ਕਲਾ-ਸਮਰੱਥ ਬਣਾਇਆ ਤਿਵੇਂ ਉਨ੍ਹਾਂ ਦੀ ਸੰਤਾਨ ਦੀ ਕੁਰਬਾਨੀ ਨੇ ਵੀ ਧਾਰਮਕ ਸੁਤੰਤ੍ਰਤਾ ਤੇ ਮਨੁਖੀ ਸਵੈਵਾਨ ਨੂੰ ਸ਼ਕਤੀ ਪ੍ਰਦਾਨ ਕੀਤੀ। ਇਸ ਤਰ੍ਹਾਂ ਦੇਖਿਆਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈਸੀਅਤ ਪੂਰਬ-ਅਧਿਕਾਰੀ ਤੇ ਉਤਰ-ਅਧਿਕਾਰੀ ਦੋਹਾਂ ਪਾਸਿਆਂ ਵਲੋਂ ਚਮਤਕਾਰ-ਭਰੀ ਤੇ ਅਤਿ ਉਚੇਰੀ ਹੈ।

ਸਿੱਖ ਧਰਮ ਤੋਂ ਪਹਿਲਾਂ ਗ੍ਰਿਹਸਤੀ ਜੀਵਨ ਨੂੰ ਅਧਿਆਤਮਕ ਖੇਤਰ ਵਿਚ ਇਤਨਾ ਮਾਣ ਹਾਸਲ ਨਹੀਂ ਸੀ। ਆਮ ਤੌਰ ਤੇ ਇਹੋ ਖ਼ਿਆਲ ਕੀਤਾ ਜਾਂਦਾ ਸੀ ਕਿ ਆਤਮਕ ਉੱਚਤਾ ਲਈ ਸੰਸਾਰੀ ਜੀਵਨ ਦਾ ਤਿਆਗ ਹੀ ਜ਼ਰੂਰੀ ਹੈ। ਪ੍ਰਾਚੀਨ ਭਾਰਤੀ ਵਿਚਾਰਧਾਰਾ ਇਸ ਤੇ ਲੋੜ ਤੋਂ ਵਧ ਜ਼ੋਰ ਦਿੰਦੀ ਰਹੀ, ਚਾਹੇ ਮਨੂੰ, ਚਾਹੇ ਬੁਧ, ਚਾਹੇ ਸ਼ੰਕਰ, ਚਾਹੇ ਗੋਰਖ, ਕੋਈ ਵੀ ਮਹਾਂ ਪੁਰਸ਼ ਹੋਇਆ, ਸਭ ਨੇ ਬਿਰੱਕਤੀ ਨੂੰ ਵਧੇਰੇ ਮਹੱਤਵ ਦਿਤਾ। ਪਰੰਤੂ ਗੁਰੂ ਸਾਹਿਬ ਕੁਦਰਤੀ ਜੀਵਨ ਦਾ ਵਿਰੋਧ ਕਰਨ ਲਈ ਰਾਜ਼ੀ ਨਹੀਂ ਸਨ, ਇਸ ਲਈ ਉਨ੍ਹਾਂ ਗ੍ਰਿਹਸਤੀ ਜੀਵਨ ਦੇ ਸਤਿਕਾਰ ਨੂੰ ਵਧਾਇਆ; ਬਾਣੀ ਵਿਚ ਇਸ ਦੀ ਵਡਿਆਈ ਕਰ ਕੇ ਹੀ ਨਹੀਂ, ਸਗੋਂ ਆਪ ਗ੍ਰਿਹਸਤੀ ਜੀਵਨ ਬਸਰ ਕਰ ਕੇ ਵੀ। ਗੁਰੂ ਨਾਨਕ ਸਾਹਿਬ ਨੇ ਜਿਥੇ ਇਸਤ੍ਰੀ ਜਾਤੀ ਦੀ ਵਕਾਲਤ ਕੀਤੀ, ਉਥੇ ਗ੍ਰਿਹਸਤੀ ਗੁਰਮੁਖਾਂ ਦੇ ਉਚੇਚੇ ਗੁਣ ਗਾਏ—

ਇਕਿ ਗਿਰਹੀ ਸੇਵਕ ਸਾਧਿਕਾ, ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ, ਹਰਿ ਭਗਤਿ ਸੁਜਾਗੇ ॥੭॥੧੪॥

(ਬਾਕੀ ਦੇਖੋ ਸਫ਼ਾ ੧੧ ਦੇ ਥਲੇ) [ਆਸਾ ਕਾਫ਼ੀ ਮ: ੧ ਪੰਨਾ ੪੧੯



www.AKJ.Org

# ਲੋਭ ਵਿਕਾਰ ਜਿਨਾ ਮਨੁ ਲਾਗਾ

[ਵਲੋਂ—ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ]

ਗੁਰਬਾਣੀ ਦੇ ਅਧਾਰ ਤੇ ਭਾਈ ਸਵਾਈ ਸਿੰਘ ਦੇ ਪ੍ਰਸ਼ਨਾਂ ਦਾ ਉਤਰ ਦਿੰਦੇ ਹੋਏ ਮਾਸਟਰ ਜੀ ਦਸ ਰਹੇ ਹਨ ਕਿ ਮਨਮੁਖ ਤਾਂ ਲੋਭ-ਲਾਲਚ ਤੇ ਵਿਸ਼ੇ-ਵਿਕਾਰਾਂ ਅਧੀਨ ਪ੍ਰਭੂ ਤੋਂ ਵਿਛੜੇ ਫਿਰਦੇ ਹਨ, ਉਹ ਭਗਤੀ ਤੋਂ ਸਖਣੇ ਹੋਣ ਕਰਕੇ ਦੁਖੀ ਹੁੰਦੇ ਹਨ। ਪਰ ਭਾਗਾਂ ਵਾਲੇ ਗੁਰਮੁਖ ਜਨ ਸਦਾ ਪ੍ਰਭੂ-ਭਗਤੀ ਵਿਚ ਮਗਨ ਰਹਿੰਦੇ ਹਨ ਅਤੇ ਅਨੰਦ ਮਾਣਦੇ ਹਨ। ਕੇਵਲ ਸੱਚੇ ਸਤਿਗੁਰੂ ਦੀ ਸ਼ਰਨ ਪੈ ਕੇ ਹੀ, ਨਾਮ-ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੱਚਾ ਸੁਖ ਪ੍ਰਾਪਤ ਹੋ ਸਕਦਾ ਹੈ। —ਸੰਪਾਦਕ

**ਮੰਦ ਭਾਗੇ :** ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥੧॥ (੭੧੧)

ਜਿਨ੍ਹਾਂ ਮੰਦ-ਭਾਗੀ ਪੁਰਖਾਂ ਨੇ ਲੋਭ-ਲਾਲਚ ਅਤੇ ਵਿਸ਼ੇ-ਵਿਕਾਰਾਂ ਦੇ ਵੱਸ ਹੋ ਕੇ ਅਤਿ ਚੰਗੇਰੇ ਅਕਾਲ ਪੁਰਖ ਅੰਤਰਯਾਮੀ ਨੂੰ ਵਿਸਾਰ ਛਡਿਆ ਹੈ, ਓਹ ਅਗਿਆਨੀ ਅਤੇ ਮਨਮੁਖ ਕਹੇ ਜਾਂਦੇ ਹਨ।

**ਭਾਗ ਵਿਹੂਣੇ :** ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ ॥
ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ ॥੩॥੫॥ (੬੬੭)

ਓਹ ਵੱਡ-ਭਾਗੇ ਪੁਰਸ਼ ਹਨ ਜਿਨ੍ਹਾਂ ਨੇ ਗੁਰੂ ਦੇ ਲੜ ਲਗ ਕੇ ਸੁਘੜ ਸੁਜਾਨ ਵਾਹਿਗੁਰੂ ਦੀ ਪ੍ਰਾਪਤੀ ਕਰ ਕੇ ਮਨੁਖਾ ਜਨਮ ਨੂੰ ਸਫਲ ਕਰ ਲਿਆ ਹੈ। ਪਰੰਤੂ ਮਨਮੁਖਾਂ ਅਭਾਗਿਆਂ ਦੀ ਸਾਰੀ ਉਮਰ ਇਸ ਗੱਲੋਂ ਘੁਥਿਆਂ ਦੀ ਦੁਖਾਂ ਕਲੇਸ਼ਾਂ ਵਿਚ ਐਵੇਂ ਅਵਾਈ ਹੀ ਜਾਂਦੀ ਹੈ।

**ਭਗਤਿ ਵਿਹੂਣੇ :** ਮਨਮੁਖਿ ਅੰਤਰਿ ਭਗਤਿ ਨ ਹੋਈ ॥
ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥੧੨॥ (੧੦੪੯)

ਮਨਮੁਖ ਸਦਾ ਦੁਖੀ ਰਹਿੰਦੇ ਹਨ, ਕਿਉਂਜੁ ਓਹ ਭਗਤੀ ਤੋਂ ਖਾਲੀ ਹੁੰਦੇ ਹਨ। ਇਸ ਦੇ ਟਾਕਰੇ ਤੇ ਗੁਰਮੁਖਿ ਸਦਾ ਸੁਖੀ ਰਹਿੰਦੇ ਹਨ, ਕਿਉਂਜੁ ਓਹ ਪ੍ਰੇਮਾ ਭਗਤੀ ਵਿਚ ਮਗਨ ਰਹਿੰਦੇ ਹਨ।

**ਗਿਆਨ-ਵਿਹੂਣੇ :** ਗੁਰਮੁਖਿ ਨਦਰਿ ਨਿਹਾਲ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥੨॥ (੫੬੯)

ਮਨਮੁਖ ਆਪ-ਹੁਦਰੇ ਅਸਲ ਗਿਆਨ ਤੋਂ ਖਾਲੀ ਹਨ, ਕਿਉਂਜੁ ਓਹ ਦੂਜੇ ਭਾ ਵਿਚ ਲਗ ਕੇ ਖੁਆਰ ਹੋ ਰਹੇ ਹਨ। ਗੁਰਮੁਖ ਸਦਾ ਮਨ ਅੰਦਰ ਨਾਮ ਦਾ ਆਸਰਾ ਲੈਂਦੇ ਹਨ, ਓਹਨਾਂ ਤੇ ਗੁਰੂ ਦੀ ਨਦਰਿ ਮੇਹਰ ਜੋ ਹੋਈ।

**ਨਾਮ ਵਿਹੁਣੇ :** ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥
ਇਸ ਕਾ ਰੰਗੁ ਦਿਨ ਥੋੜਿਆ ਛੋਟਾ ਇਸ ਦਾ ਮੁਲੁ ॥੨॥ (੮) (ਪੰਨਾ ੮੫)

ਨਾਮ ਤੋਂ ਸਖਣੇ ਮਨਮੁਖ ਨੂੰ ਉਪਦੇਸ਼ ਦਿਤਾ ਹੈ ਕਿ ਦੁਨੀਆ ਦੇ ਪਦਾਰਥ ਕਸੁੰਭੇ ਰੰਗ ਦੀ ਨਿਆਈਂ ਹਨ। ਏਹਨਾਂ ਨੂੰ ਦੇਖ ਕੇ ਭੁਲਣਾ ਨਹੀਂ ਚਾਹੀਦਾ। ਕਸੁੰਭਾ ਰੰਗ ਕੱਚਾ ਹੁੰਦਾ ਹੈ। ਇਹ ਛੇਤੀ ਹੀ ਲਹਿ ਜਾਂਦਾ ਹੈ। ਇਸ ਦਾ ਮੁਲ ਵੀ ਘਟ ਹੁੰਦਾ ਹੈ। ਨਾਮ ਦਾ ਰੰਗ ਚਾੜ੍ਹ, ਜੋ ਮਜੀਠ ਦੀ ਨਿਆਈਂ ਹੈ।



www.AKJ.Org

**ਧੰਧ ਪਿਟੱਊਏ :** ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥
ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ॥੨॥੨॥੧੩॥(੭੩੫)

ਇਹ ਮੋਹ ਮਾਇਆ ਸਰੀਰ ਆਦਿ ਵਾਹਿਗੁਰੂ ਨੇ ਬਣਾਏ ਹਨ। ਇਕਨਾਂ ਨੂੰ ਭਗਤੀ ਮਾਰਗ ਵਿਚ ਲਾ ਕੇ ਮੁਕਤੀ ਬਖਸ਼ ਦਿੰਦਾ ਹੈ ਤੇ ਇਕਨਾਂ ਨੂੰ ਮਨਮੁਖ ਬਣਾ ਕੇ ਸਾਰੀ ਉਮਰ ਧੰਧੇ ਪਿਟਣ ਵਿਚ ਹੀ ਲਾ ਛਡਦਾ ਹੈ। ਜੋ ਮਨੁਖਾ ਜਨਮ ਪਾ ਕੇ ਸਤਿਗੁਰੂ ਦੀ ਸ਼ਰਨੀ ਆ ਪੈਂਦੇ ਹਨ, ਓਹ ਨਾਮ ਜਪ ਕੇ ਸੁਖੀ ਹੋ ਜਾਂਦੇ ਹਨ। ਜੋ ਕੇਵਲ ਧੰਧਿਆਂ ਵਿਚ ਲਗ ਕੇ ਹੀ ਆਪਣੀ ਉਮਰ ਬਿਤਾਉਂਦੇ ਹਨ ਓਹ ਸਦਾ ਦੁਖ ਭੋਗਦੇ ਹਨ।

**ਬਿਖੁ-ਖੱਟਊਏ :** ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥
ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ (੭੫੩)

ਮਨਮੁਖ ਨਿਗੁਰਾ ਰਹਿਣ ਕਰਕੇ ਮੋਹ-ਮਾਇਆ ਦੇ ਜਾਲ ਵਿਚ ਫਸਿਆ, ਪੈਰ ਪੈਰ ਤੇ ਦੁਖ ਉਠਾਉਂਦਾ ਹੈ। ਉਸ ਦੇ ਸਾਰੇ ਕੰਮ ਅੰਧੇਰ ਖਾਤੇ ਵਾਲੇ ਹੁੰਦੇ ਹਨ। ਉਹ ਨਾਮ ਰੂਪ ਰਤਨਾਂ ਨੂੰ ਛਡ ਕੇ ਕੋਲਿਆਂ ਦੇ ਵਪਾਰ ਵਿਚ ਲਗ ਬੈਠਦਾ ਹੈ। ਗੁਰ ਵਾਕ—

ਖਸਮੁ ਬਿਸਾਰਿ ਆਨ ਕੰਮ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥੧॥ਰਹਾਉ॥ (੧੯੫)

**ਨਾਮ-ਹੀਣ :** ਮਨਮੁਖ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥੧॥(੨੩) (ਪੰਨਾ ੩੧੩)

ਮਨਮੁਖ ਮੂਰਖ ਨਿਗੁਰੇ ਹੋਣ ਦੇ ਕਾਰਨ ਨਾਮ ਤੋਂ ਖ਼ਾਲੀ ਹੁੰਦੇ ਹਨ। ਇਸੇ ਲਈ ਓਹ ਆਪ-ਹੁਦਰੇ ਕੰਮ ਕਰਦੇ ਹੋਏ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ। ਓਹਨਾਂ ਦੇ ਮਨ ਰੂਪੀ ਮਸਤ ਹਾਥੀ ਨੂੰ ਗੁਰ-ਉਪਦੇਸ਼ ਰੂਪੀ ਕੁੰਡੀ ਤੋਂ ਬਿਨਾਂ ਕੌਣ ਰੋਕ ਸਕਦਾ ਹੈ ? ਇਹੀ ਵਜ੍ਹਾ ਹੈ ਕਿ ਮਨਮੁਖ ਚਉਰਾਸੀ ਦੇ ਗੇੜ ਵਿਚੋਂ ਨਹੀਂ ਨਿਕਲ ਸਕਦੇ। ਮਨਮੁਖਾਂ ਦੇ ਮਨ ਤਾਂ ਕੀ ਟਿਕਣੇ ਸਨ, ਬੜੇ ਬੜੇ ਭਾਰੀ ਪੰਡਿਤਾਂ ਵਿਦਵਾਨਾਂ, ਜੋ ਬੜੀਆਂ ਬੜੀਆਂ ਪੜ੍ਹਾਈਆਂ ਕਰ ਕਰ ਕੇ ਥੱਕ ਚੁਕੇ ਹਨ ਅਤੇ ਸਿਧ ਸਾਦਿਕ ਸਮਾਧੀਆਂ ਲਾ ਹਾਰ-ਹੰਭ ਚੁਕੇ ਹਨ, ਓਹਨਾਂ ਦੇ ਮਨ ਭੀ ਵੱਸ ਨਹੀਂ ਆ ਸਕੇ। ਮਨ ਵੱਸ ਕਰਨ ਦੀਆਂ ਤੌਫੀਕਾਂ ਤਾਂ ਕੇਵਲ ਸਤਿਗੁਰੂ ਨੂੰ ਹੀ ਧੁਰ ਦਰਗਾਹੋਂ ਪ੍ਰਾਪਤ ਹੋਈਆਂ ਹਨ, ਜੋ ਆਪਣੇ ਪਾਸੋਂ ਸ਼ਬਦ-ਗੁਰ-ਮੰਤ੍ਰ ਦੇ ਕੇ ਇਕ ਚੁਟਕੀ ਵਿਚ ਮਨ ਨੂੰ ਵਸਿ ਕਰਾਉਂਦਾ ਹੋਇਆ ਸੱਚੇ ਸੁਖ ਵਿਚ ਸਮਾਈ ਕਰਵਾਉਣ ਨੂੰ ਸਮਰੱਥ ਹੈ। ਯਥਾ ਗੁਰਵਾਕ—

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗਾ ਜਾਇ ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥
ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥
ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥ (੬) (੬੪੪-੪੫)

**ਭਾਗ ਹੀਣ :** ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥੩॥੫॥੫੯॥ (੪੧)



www.AKJ.Org

ਜਿਸ ਨੂੰ ਗੁਰੂ ਪਾਸੋਂ ਨਾਮ ਦੀ ਕਣੀ ਪ੍ਰਾਪਤ ਹੋ ਗਈ ਉਸ ਨੂੰ ਅੰਦਰੋਂ ਤੇ ਬਾਹਰੋਂ ਨਾਮ-ਰਸ ਦੀਆਂ ਬੇਅੰਤ ਦਾਤਾਂ ਭੋਗਣ ਲਈ ਮਿਲ ਗਈਆਂ, ਭਾਗਹੀਣ ਮਨਮੁਖਾਂ ਨੂੰ ਇਹ ਸਾਰ ਕਿਥੋਂ ਆਵੇ ਕਿ ਨਾਮ ਰੂਪੀ ਅੰਮ੍ਰਿਤ-ਰਸ ਸਦਾ ਵਰਸ ਰਿਹਾ ਹੈ। ਇਸ ਭੇਦ ਨੂੰ ਖੋਲ੍ਹਣ ਦੀ ਕੁੰਜੀ ਤਾਂ ਪੂਰੇ ਗੁਰੂ ਸਤਿਗੁਰੂ ਪਾਸ ਹੈ। ਗੁਰਵਾਕ–

ਅੰਮ੍ਰਿਤ ਸਦਾ ਵਰਸਦਾ ਬੂਝਨਿ ਬੂਝਣਹਾਰ ॥
ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥
ਨਾਨਕ ਗੁਰਮੁਖਿ ਨਦਰੀ ਆਇਆ ਆਤਮਰਾਮੁ ਮੁਰਾਰਿ ॥੨॥ (੧੨੮੦-੮੧)

**ਧਨ-ਹੀਣ :** ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥ (੧) (੫੪੮)

ਸਿਫ਼ਤ ਸਲਾਹ ਦਾ ਨਾਮ-ਧਨ ਰੂਪੀ ਸੱਚਾ ਖਜ਼ਾਨਾ ਧੁਰ ਦਰਗਾਹੋਂ ਗੁਰੂ ਸਤਿਗੁਰੂ ਨੂੰ ਸੰਭਾਲਿਆ ਗਿਆ ਹੈ। ਜਿਸ ਨੂੰ ਗੁਰੂ ਦੇਵੇ ਉਸੇ ਵਡਭਾਗੇ ਪੁਰਸ਼ ਦੇ ਇਹ ਵੱਡਮੁੱਲੀ ਵਸਤੂ ਹੱਥ ਆ ਸਕਦੀ ਹੈ। ਬਿਨਾਂ ਸਤਿਗੁਰੂ ਤੋਂ, ਪਿਛੇ ਸਾਰੀ ਲੁਕਾਈ ਧੰਧ ਪਿਟਦੀ ਚਲਦੀ ਬਣੀ। ਕਿਸੇ ਨੂੰ ਇਹ ਅਮੋਲਕ ਖ਼ਜ਼ਾਨਾ ਹੱਥ ਨਾ ਲਗਾ ਤੇ ਅਗੋਂ ਨੂੰ ਲਗ ਸਕਦਾ ਹੈ। ਨਾਮ ਰੂਪ ਸੱਚੇ ਧਨ ਤੋਂ ਬਿਨਾਂ ਸਾਰਾ ਜਹਾਨ ਧਨ-ਹੀਣ ਗਿਣਿਆ ਗਿਆ ਹੈ, ਕਿਉਂਜੁ ਮਨਮੁਖਾਂ ਦਾ ਵਿਹੁ ਰੂਪੀ ਪਾਪਾਂ ਕਰਕੇ ਇਕੱਠਾ ਕੀਤਾ ਧਨ ਅਗੇ ਨਾਲ ਨਹੀਂ ਜਾ ਸਕਦਾ। ਜੈਸੇ ਗੁਰ ਫ਼ੁਰਮਾਨ ਹੈ–

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤ ਹਰਿ ਦਰਗਹ ਢੋਈ ਨ ਪਾਈ ॥੫॥੩॥੧੦॥ (੭੩੪)

ਪਰਤੂ ਯਾਦ ਰਹੇ, ਅਕਾਲ ਪੁਰਖ ਅੰਤਰਯਾਮੀ ਨੇ ਆਪਣੀ ਮਰਜ਼ੀ ਅਨੁਸਾਰ ਨਾਮ ਰੂਪੀ ਧਨ ਵਾਲੇ ਕਮਰੇ ਨੂੰ ਜੰਦਰਾ ਮਾਰ ਕੇ ਉਸ ਦੀ ਕੁੰਜੀ ਆਪਣੇ ਪਾਸ ਨਹੀਂ ਰਖੀ, ਬਲਕਿ ਗੁਰੂ ਸਤਿਗੁਰੂ ਨੂੰ ਸੰਭਾਲ ਦਿਤੀ ਹੈ, ਜਿਸ ਤੋਂ ਬਿਨਾਂ ਕਿਸੇ ਨੂੰ ਭੀ ਇਹ ਖਜ਼ਾਨਾ ਬਿਲਕੁਲ ਹੱਥ ਨਹੀਂ ਲਗ ਸਕਦਾ। ਜੇਸੇ ਗੁਰਵਾਕ–

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥੧੨੨॥ (੨੦੫)

**ਕਰਮ ਹੀਣ :** ਗਰਬਿ ਗਹੇਲੀ ਮਹਲੁ ਨ ਪਾਵੈ॥
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥
ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥੩॥ (੭੩੭)

ਮਨਮੁਖ ਖੋਟੇ ਭਾਗਾਂ ਵਾਲੀ ਇਸਤ੍ਰੀ ਸਦਾ ਦੁਖ ਪਾਉਂਦੀ ਹੈ। ਹੰਕਾਰ ਦੀ ਪੁਤਲੀ ਹੋਣ ਕਰਕੇ ਪਤੀ-ਪਰਮੇਸ਼ਰ ਦੇ ਮਹਲ ਨੂੰ ਨਹੀਂ ਪਾ ਸਕਦੀ। ਉਸ ਦੀ ਉਮਰ ਰੂਪੀ ਸਾਰੀ ਰੈਣਿ ਵਿਛੜੀ ਹੋਈ ਦੀ ਦੁਖਾਂ ਕਲੇਸ਼ਾਂ ਵਿਚ ਹੀ ਬੀਤ ਜਾਂਦੀ ਹੈ। ਪਿਛੋਂ ਬਥੇਰਾ ਪਛਤਾਉਂਦੀ ਹੈ ਪਰ ਬਣਦਾ ਕੁਝ ਨਹੀਂ। ਅਜੇ ਸਮਾਂ ਹੈ ਸਤਿਗੁਰੂ ਦੀ ਸ਼ਰਨੀ ਢਹਿ ਪੈਣ ਦਾ। ਜੇ ਉਹ ਆਪਣੀ ਵਿਛੋੜੇ ਨੂੰ ਅਨੁਭਵ ਕਰ ਕੇ ਦਇਆ ਦੇ ਭੰਡਾਰ ਪ੍ਰਭੂ ਅਗੇ ਅਰਦਾਸ ਕਰਨ ਤਾਂ ਉਹ ਸਤਿਗੁਰੂ ਦਾ ਮੇਲ ਕਰਵਾ ਦੇਵੇ, ਇਸ ਨੂੰ ਇਸੇ ਜਨਮ ਵਿਚ ਹੀ ਪਤੀ-ਪਰਮਾਤਮਾ ਦਾ



www.AKJ.Org

ਮਹਲੁ ਪ੍ਰਾਪਤ ਹੋ ਸਕਦਾ ਹੈ। ਯਥਾ ਗੁਰਵਾਕ—

ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿਰਾਮ ਜੀਉ ॥
ਕੂੜੁ ਕਪਟ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥ (੭੭੩)

---

# ਇਕ ਜੋਦੜੀ

(ਭਾਈ ਮੇਵਾ ਸਿੰਘ ਜੀ, ਬਾਗ ਡੋਗਰਾ, ਦਾਰਜਲਿੰਗ)

ਮੇਰੀ ਅਰਦਾਸ ਜੀਉ, ਤੇਰੇ ਚਰਨਾਂ ਪਾਸ ਜੀਉ।
ਬਖ਼ਸ਼ ਨਾਮ-ਅਭਿਆਸ ਜੀਉ, ਸਾਸ ਗਿਰਾਸ ਜੀਉ।
ਆਨੰਦ-ਉਲਾਸ ਜੀਉ, ਜੋ ਖ਼ਾਸੁਲ ਖ਼ਾਸ ਜੀਉ।
ਦਰਸ-ਪਿਆਸ ਜੀਉ, ਦੇਹਿ ਚਰਨ-ਨਿਵਾਸ ਜੀਉ।

ਦੇਹਿ ਮਨ ਧਰਵਾਸ ਜੀਉ, ਜੋ ਆਵੇ ਰਾਸ ਜੀਉ।
ਮੇਰੀ ਉਥੇ ਆਸ ਜੀਉ, ਜਿਥੇ ਤੇਰਾ ਵਾਸ ਜੀਉ।
ਲਾਹ ਦੇ ਤ੍ਰਾਸ ਜੀਉ, ਕਰ ਪੂਰੀ ਆਸ ਜੀਉ।
ਤੇਰੇ ਝਲਕੇ ਖਾਸ ਜੀਉ, ਜਲਵਾ ਇਕ ਰਾਸ ਜੀਉ।

ਸਨਿਮਰ ਅਰਦਾਸ ਜੀਉ, ਤੇਰੇ ਚਰਨਾਂ ਪਾਸ ਜੀਉ :
ਕਟ ਜਮ ਕੀ ਫਾਸ ਜੀਉ, ਰਖ ਅਪਣੇ ਪਾਸ ਜੀਉ।

---

(ਸਫਾ ੭ ਦੀ ਬਾਕੀ)

'ਸਕਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ'* ਦਾ ਨਾਅਰਾ ਦੇਣਾ ਗੁਰੂ ਸਾਹਿਬਾਨ ਦਾ ਹੀ ਕੰਮ ਸੀ; ਆਖ਼ਰ ਕਰਮਯੋਗੀ ਜੀਵਨ ਛਡ ਕੇ ਵੇਹਲੜ ਬਣਨਾ ਸਮਾਜ ਲਈ ਸੁਖਦਾਈ ਨਹੀਂ ਸੀ ਹੋ ਸਕਦਾ ਤੇ ਨਾ ਹੀ ਇਸ ਨਾਲ ਵਿਅਕਤੀ ਦਾ ਪੂਰਨ ਵਿਕਾਸ ਹੀ ਸੰਭਵ ਸੀ। ਇਸ ਲਈ ਸਿੱਖੀ ਨੇ ਗ੍ਰਿਹਸਤੀ ਜੀਵਨ ਨੂੰ ਵਡਿਆਇਆ ਤੇ ਇਸਨੂੰ ਨਿਭਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰਿਹਸਤ ਵਿਚ ਰਹਿੰਦਿਆਂ ਨਿਰਲੇਪਤਾ ਦਾ ਪਾਠ ਪੜ੍ਹਾਇਆ—ਰੇ ਮਨ ਐਸੋ ਕਰਿ ਸੰਨਿਆਸਾ ॥

ਬਨ ਸੇ ਸਦਨ ਸਬੈ ਕਰਿ ਸਮਝਹੁ, ਮਨ ਹੀ ਮਾਹਿ ਉਦਾਸਾ ॥

[ਸਬਦ ਹਜ਼ਾਰੇ ਪਾ: ੧੦, ਰਾਮਕਲੀ

ਗੁਰੂ ਸਾਹਿਬ ਨੇ ਆਪਣੇ ਸਾਹਮਣੇ ਆਪਣੇ ਸਪੁੱਤਰਾਂ ਦੇ ਬਲੀਦਾਨ ਰਾਹੀਂ, ਇਸ ਨਿਰਲੇਪਤਾ ਦਾ ਪ੍ਰਮਾਣ ਦਿਤਾ। ਸਤਿਗੁਰਾਂ ਦਾ ਜੀਵਨ ਰਾਜ-ਜੋਗੀ ਜੀਵਨ ਸੀ, ਜਿਸ ਨੂੰ ਭਾਈ ਨੰਦ ਲਾਲ ਵਰਗੇ ਵਿਦਵਾਨ ਕਵੀਆਂ ਨੇ "ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ" ਕਹਿ ਕੇ ਗਾਂਵਿਆ ਹੈ। ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਇਸ ਦਰਵੇਸ਼ੀ ਤੇ ਬਾਦਸ਼ਾਹੀ ਜਾਂ ਰਾਜਯੋਗ ਦੀ ਜੀਊਂਦੀ-ਜਾਗਦੀ ਤਸਵੀਰ ਹੈ। [ਪੁਸਤਕ 'ਚਾਰ ਸਾਹਿਬਜ਼ਾਦੇ' ਵਿਚੋਂ

*ਭਾ: ਗੁਰਦਾਸ ਜੀ, ਕਬਿਤ ੩੭੬



www.AKJ.Org

# ਸਾਕਾ ਚਮਕੌਰ ਸਾਹਿਬ

—ਗੰਜਿ ਸ਼ਹੀਦਾਂ—

ਹਕੀਮ ਮਿਰਜ਼ਾ ਅਲਾ ਯਾਰ ਖਾਂ 'ਜੋਗੀ' ਨੇ ਉਰਦੂ-ਕਾਵਿ ਵਿਚ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਕੇ ਬੜੀ ਸ਼ਰਧਾ, ਦਿਲੀ ਪਿਆਰ ਅਤੇ ਧਾਰਮਿਕ ਵਲਵਲੇ ਵਿਚ ਲਿਖੇ ਹਨ। ਉਰਦੂ ਜਾਣਨ ਵਾਲੇ ਸਜਣ ਇਨ੍ਹਾਂ ਨੂੰ ਪੜ੍ਹ ਕੇ ਹਲੂਣੇ ਜਾਂਦੇ ਹਨ। ਜਿਹੜੇ ਸਜਣ ਉਰਦੂ ਨਹੀਂ ਵੀ ਜਾਣਦੇ ਉਹ ਵੀ ਇਨ੍ਹਾਂ ਨੂੰ ਪੜ੍ਹ ਕੇ ਪ੍ਰਭਾਵਤ ਹੋਏ ਬਿਨਾਂ ਰਹਿ ਨਹੀਂ ਸਕਦੇ।

ਕਵੀ ਨੇ "ਗੰਜਿ ਸ਼ਹੀਦਾਂ" ਵਿਚ ਚਮਕੌਰ ਸਾਹਿਬ ਦਾ ਸਾਕਾ ਬਿਆਨ ਕੀਤਾ ਹੈ ਅਤੇ "ਸ਼ਹੀਦਾਨਿ ਵਫ਼ਾ" ਵਿਚ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਾਕਾ। ਅਸੀਂ ਐਤਕੀ ਇਥੇ "ਗੰਜਿ ਸ਼ਹੀਦਾਂ" ਵਿਚੋਂ ਨਮੂਨੇ ਮਾਤਰ ਕੁਝ ਸ਼ੇਅਰ ਹੇਠਾਂ ਦੇ ਰਹੇ ਹਾਂ। ਔਖੇ ਪਦਾਂ ਦੇ ਅਰਥ ਅਖ਼ੀਰ ਵਿਚ ਹਨ। —ਸੰਪਾਦਕ

੧. ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ।
ਝੁਲਾਏ ਹੂਏ ਸ਼ੇਰ ਥੇ ਸਭ ਗ਼ੈਜ਼ ਕੇ ਮਾਰੇ।
ਆਂਖੋਂ ਸੇ ਨਿਕਲਤੇ ਥੇ ਦਲੇਰੋਂ ਕੇ ਸ਼ਰਾਰੇ।
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ ਥੇ ਸਾਰੇ।
ਗੁੱਸੇ ਸੇ ਨਜ਼ਰ ਜਾਤੀ ਥੀ ਅਫ਼ਵਾਜਿ ਅੱਦੂ ਪਰ।
ਤੇਗ਼ੇ ਸੇ ਨਿਗਾਹ ਪੜਤੀ ਥੀ ਦੁਸ਼ਮਨ ਕੇ ਗਲੂ ਪਰ।

੭. ਜਬ ਕਿਲ੍ਹਾ ਮੇਂ ਉਤਰੀ ਥੀ ਸਤਿਗੁਰ ਕੀ ਸਵਾਰੀ।
ਵਾਹਿਗੁਰੂ ਕੀ ਫ਼ਤਹ ਦਲੇਰੋਂ ਨੇ ਪੁਕਾਰੀ।
ਵੁਹ ਹੁਮ-ਹੁਮਾ ਸ਼ੇਰੋ ਕਾ, ਵੁਹ ਅਵਾਜ਼ ਥੀ ਭਾਰੀ।
ਥਰੱਰਾ ਗਿਆ ਚਮਕੌਰ ਹੂਆ ਜ਼ਲਜ਼ਲਾ ਤਾਰੀ।
ਸਕਤੇ ਮੇਂ ਖ਼ੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ।
ਨਾਅਰਾ ਸੇ ਹੂਆ ਚਰਖ਼ ਭੀ ਸਾਕਨ ਯਿਹ ਗੁਮਾਂ ਥਾ।

੧੦. ਜਬ ਡੇਢ ਘੜੀ ਰਾਤ ਗਈ ਜ਼ਿਕਰਿ ਖ਼ੁਦਾ ਮੇਂ।
ਖ਼ੈਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੁਆ ਮੇਂ।
ਬੋਲੇ : "ਐ ਖ਼ੁਦਾਵੰਦ ! ਹੂੰ ਖੁਸ਼ ਤੇਰੀ ਰਜ਼ਾ ਮੇਂ"।
ਕਰਤਾਰ ਸੇ ਕਹਿਤੇ ਥੇ ਗੋਯਾ ਰੂ-ਬ-ਰੂ ਹੋ ਕਰ।
'ਕੱਲ ਜਾਊਂਗਾ ਚਮਕੌਰ ਸੇ ਸੁਰਖ਼ਰੂ ਹੋ ਕਰ'।

੧੫. ਜਿਨ ਸਿੰਘੋਂ ਨੇ ਕਲ ਮੌਤ ਕੇ ਸਾਹਿਲ ਥਾ ਉਤਰਨਾ।
ਕਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ।
ਬਾਲੀਂ ਸੇ ਸ਼ਹੀਦੋਂ ਕੇ ਹੂਆ ਜਬ ਕਿ ਗੁਜ਼ਰਨਾ।
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂੰਮਾ ਕਭੀ ਹਲਕੂਮ, ਦਹਨ ਚੂੰਮਨੇ ਬੈਠੇ।
ਜਬ ਪਾਇੰਤੀ ਆਏ ਤੋ ਚਰਨ ਚੂੰਮਨੇ ਬੈਠੇ।

੧੭. ਇਨਸਾਫ਼ ਕਰੇ ਜੀ ਮੇਂ ਜ਼ਮਾਨਾ, ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਿਹ ਪਿਆਰ ਮੁਰੀਦੋਂ ਸੇ ਯਿਹ ਸ਼ਫਕਤ ਭੀ ਕਹੀਂ ਹੈ?
ਭਗਤੀ ਮੇਂ ਗੁਰੂ ਅਰਸ਼ ਹੈ ਸੰਸਾਰ ਜ਼ਮੀਂ ਹੈ।
ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ, ਸੁਨੇ ਭੀ ਨਹੀਂ ਹਮ ਨੇ।

੧੮. ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤੱਰੀਫ਼ ਵੁਹ ਕਮ ਹੈ।
ਹਰ-ਚੰਦ ਮੇਰੇ ਹਾਥ ਮੇਂ ਪੁਰ-ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ, ਕਹਾਂ ਤਾਬਿ-ਰਕਮ ਹੈ।
ਏਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ।
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਿਰ ਕੋ ਦੇਖੇ।

੫੭. ਫ਼ੁਰਮਾਏ ਕਲਗੀਧਰ ਕਿ: 'ਅਬ ਇਕ ਇਕ ਜਵਾਂ ਚਲੇ।'
ਪਾ ਪਾ ਕੇ ਹੁਕਮ ਭੇੜੋਂ ਮੇਂ ਸ਼ੇਰਿ-ਯਿਆਂ ਚਲੇ।
ਬਚ ਕਰ ਅੱਦੂ ਕੇ ਦਾਉ ਸੇ ਯੂੰ ਪਹਿਲਵਾਂ ਚਲੇ।
ਦਾਂਤੋਂ ਮੇਂ ਜੈਸੇ ਘਿਰ ਕੇ ਦਹਨ ਮੇਂ ਜ਼ਬਾਂ ਚਲੇ।
ਘੁਸਤੇ ਹੀ ਰਨ ਮੇਂ ਜੰਗ ਕਾ ਪੱਲਾ ਝੁਕਾ ਦੀਆ।
ਜਿਸ ਸੱਮਤ ਤੇਗ਼ ਤੋਲ ਕੇ ਪਹੁੰਚੇ, ਭਗਾ ਦੀਆ,

੬੨. ਲਾਖੋਂ ਕੋ ਕਤਲ ਕਰ ਕੇ 'ਪਿਆਰੇ' ਗੁਜ਼ਰ ਗਏ।
ਏਕ ਏਕ ਕਰ ਕੇ ਖਾਲਸੇ ਸਾਰੇ ਗੁਜ਼ਰ ਗਏ।
ਸਦਾ ਫਨਾਹ ਕੇ ਘਾਟ ਉਤਾਰੇ, ਗੁਜ਼ਰ ਗਏ।
ਭੁਸ ਮੇਂ ਲਗਾ ਕੇ ਆਗ ਸ਼ਰਾਰੇ ਗੁਜ਼ਰ ਗਏ।
ਜ਼ਖਮੋਂ ਸੇ ਸਿੰਘ ਸੂਰਮੇ ਜਬ ਚੂਰ ਹੋ ਗਏ।
ਸਰਦਾਰ ਸਰ ਕਟਾਨੇ ਪਿ ਮਜਬੂਰ ਹੋ ਗਏ।



www.AKJ.Org

੭੮. ਗੋਬਿੰਦ ਕੇ ਦਿਲਦਾਰ ਕਿਲ੍ਹੇ ਸੇ ਨਿਕਲ ਆਏ।
ਵੁਹ ਦੇਖੀਏ ਸਰਕਾਰ ਕਿਲ੍ਹੇ ਸੇ ਨਿਕਲ ਆਏ।
ਘੋੜੇ ਪਿ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ।
ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ।
ਕਿਆ ਵਸਫ਼ ਹੋ ਉਸ ਤੇਗ਼ ਕਾ, ਇਸ ਤੇਗ਼ਿ-ਜ਼ਬਾਂ ਸੇ।
ਵੁਹ ਮਿਆਨ ਸੇ ਨਿਕਲੀ,ਨਹੀਂ ਨਿਕਲੀ ਯਿਹ ਦਹਾਂ ਸੇ।
੭੯. ਕਿਸ ਮੂੰਹ ਸ ਕਰੂੰ ਤੇਗ਼ਿ ਖ਼ਮਦਾਰ ਕੀ ਤਾਰੀਫ਼।
ਗੋਬਿੰਦ ਕੀ ਬਖਸ਼ੀ ਹੂਈ ਤਲਵਾਰ ਕੀ ਤਾਰੀਫ਼।
ਪ੍ਰਕਾਲਾਇ-ਆਤਿਸ਼ ਕੀ ਸ਼ੱਰਰਬਾਰ ਕੀ ਤਾਰੀਫ਼।
ਬਾਂਕੀ ਕੀ, ਨੁਕੀਲੀ ਕੀ, ਤਰਹਦਾਰ ਕੀ ਤਾਰੀਫ਼।
ਥੀ ਦੋਸ਼ ਪਿ ਸ਼ਮਸ਼ੀਰ, ਯਾ ਕਾਂਧੇ ਪਰ ਪਰੀ ਥੀ।
ਥੀ ਤਿਸ਼ਨਾ'ਇ-ਖ਼ੂੰ, ਇਸ ਲੀਏ ਗੁੱਸੇ ਮੇਂ ਭਰੀ ਥੀ।
੮੦. ਅਜ਼ ਦੀਦਾ-ਇ ਜੌਹਰ, ਇਸੇ ਦੇਖਾ, ਉਸੇ ਦੇਖਾ।
ਕੁਛ ਦੇਰ ਬਰਾਬਰ, ਇਸੇ ਦੇਖਾ, ਉਸੇ ਦੇਖਾ।
ਪਹਿਲੂ ਕੋ ਬਦਲ ਕਰ, ਇਸੇ ਦੇਖਾ, ਉਸੇ ਦੇਖਾ।
ਸਦਕੇ ਹੂਈ ਸਰ ਪਰ, ਇਸੇ ਦੇਖਾ, ਉਸੇ ਦੇਖਾ।
ਅਬ ਕਿਆ ਥਾ ਗਿਰੀ,ਬਰਕਿ-ਬਲਾ ਬਨਕੇ ਗਿਰੀਵਹੁ।
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ ਸੰਮਤ ਫਿਰੀ ਵੁਹ।
੮੧. ਕਹਤੇ ਥੇ ਅੱਦੂ : "ਬਰਕ ਹੈ, ਤਲਵਾਰ ਨਹੀਂ ਹੈ।
ਇਸ ਕਾਟ ਕਾ ਦੇਖਾ ਕਭੀ ਹਥੀਆਰ ਨਹੀਂ ਹੈ।
ਨੌ-ਮਸ਼ਕ ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ।
ਸਤਿਗੁਰ ਹੈ ਯਿਹ ਫ਼ਰਜ਼ੰਦਿ ਵਫ਼ਾਦਾਰ ਨਹੀਂ ਹੈ"।
ਲਲਕਾਰੇ 'ਅਜੀਤ' ਔਰ ਮੁਖ਼ਾਤਬ ਹੂਏ ਸਭ ਸੇ।
ਫ਼ੁਰਮਾਏ ਅੱਦੂ ਸੇ, "ਨ ਨਿਕਲ ਹੱਦਿ-ਅਦਬ ਸੇ"।
੮੪. ਦੇਵ-ਲੋਕ ਕੇ ਸਭ ਦੇਵਤੇ ਫ਼ਿਰਦੌਸ ਸੇ ਝਾਂਕੇ।
'ਰੁਸਤਮ' ਸੇ ਜਵਾਂ, 'ਭੀਮ' ਸੇ ਯਲ,'ਨਲ' ਸੇ ਬਾਂਕੇ।
ਹੈਰਾਂ ਥੇ ਹੁਨਰ ਸੇ, ਪਿਸਰਿ ਪੀਰ-ਯਿਆਂ ਕੇ।
ਆਕਾਸ਼ ਕੀ ਮਖਲੂਕ ਕੋ ਖ਼ਤਰੇ ਹੂਏ ਜਾਂ ਕੇ।
ਤਲਵਾਰ ਵੁਹ ਖ਼ੂੰ-ਖ਼ਾਰ ਥੀ, ਤੌਬਾ ਹੀ ਭਲੀ ਹੈ।
ਲਾਖੋਂ ਕੀ ਹੀ ਜਾਂ ਲੇ ਕੇ, ਬਲਾ ਸਰ ਸੇ ਟਲੀ ਹੈ।
੯੪. ਸ਼ਹਿਜ਼ਾਦਾ-ਏ ਜ਼ੀ-ਜਾਹ ਨੇ ਭਾਗੜ ਮਚਾ ਦੀ।
ਯਿਹ ਫ਼ੌਜ ਭਗਾ ਦੀ, ਕਭੀ ਵੁਹ ਫ਼ੌਜ ਭਗਾ ਦੀ।
ਬੜ੍ਹ ਚੜ੍ਹ ਕੇ ਤਵੱਕੋ ਸੇ ਸ਼ੁਜਾਅਤ ਜੋ ਦਿਖਾ ਦੀ।
ਸਤਿਗੁਰ ਨੇ ਵਹੀਂ ਕਿਲ੍ਹਾ ਸੇ ਬੱਚੇ ਕੋ ਨਿਦਾ ਦੀ :
"ਸ਼ਾਬਾਸ਼, ਪਿਸਰ ਖ਼ੂਬ ਦਲੇਰੀ ਸੇ ਲੜੇ ਹੋ!
ਹਾਂ, ਕਿਉਂ ਨਾ ਹੋ, ਗੋਬਿੰਦ ਕੇ ਫ਼ਰਜ਼ੰਦ ਬੜੇ ਹੋ!"

੯੫. ਦਿਲ-ਬੰਦ ਨੇ ਤਲਵਾਰ ਸੇ ਤਸਲੀਮ ਬਜਾਈ।
ਗਰਦਨ ਪਇ ਆਦਾਬ ਦਿਲਾਵਰ ਨੇ ਝੁਕਾਈ।
ਇਸ ਵਕਫ਼ਾ ਮੇਂ ਫ਼ੌਜਿ ਸਿਤਮ-ਆਰਾ ਉਮਡ ਆਈ।
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ।
ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਮੀਂ ਪਰ।
ਰੂਹ ਖ਼ੁਲਦ ਗਈ ਔਰ ਤਨਿ-ਜ਼ਾਰ ਜ਼ਮੀਂ ਪਰ।
੯੭. ਥੀ ਦੂਸਰੇ ਬੇਟੇ ਕੀ ਸੁਨੀ ਬੇਨਤੀ ਜਿਸ ਦਮ।
ਸਰ ਕੋ, ਦਹਨਿ-ਪਾਕ ਕੇ ਬੋਸੇ ਦੀਏ ਪੈਹਮ।
'ਮਰਨੇ ਕੀ ਲੀਏ'ਕਹਿਨੇ ਲਗੇ: "ਜਾਈਏ ਜੰਮ ਜੰਮ।
ਰੂਠੋ ਨਾ ਖ਼ੁਦਾ ਰਾ! ਨਹੀਂ ਰੋਕੇਂਗੇ ਕਭੀ ਹਮ।
ਹਮ ਨੇ ਥਾ ਕਹਾ ਬਾਪ ਕੋ, 'ਜਾਂ ਦੀਜੇ ਧਰਮ ਪਰ।'
ਲੋ ਕਹਤੇ ਹੈਂ ਅਬ ਆਪ ਕੋ,'ਜਾਂ ਦੀਜੇ ਧਰਮ ਪਰ'।"
੯੯. "ਕੁਰਬਾਨ, ਪਿਦਰ ਕੋ ਕੋਈ ਇਨਕਾਰ ਨਹੀਂ ਹੈ!
ਸਿਨ ਖੇਲ ਕਾ ਹੈ, ਰਨ ਕਾ ਸਜ਼ਾਵਾਰ ਨਹੀਂ ਹੈ!
ਆਈ ਹੀ ਚਲਾਨੇ ਤੁਮ੍ਹੇਂ ਤਲਵਾਰ ਨਹੀਂ ਹੈ!
ਯਿਹ ਗੁਲ ਸਾ ਬਦਨ ਕਾਬਿਲ ਸੂਫ਼ਾਰ ਨਹੀਂ ਹੈ"!
ਸ਼ਾਹਜ਼ਾਦਾ ਇ 'ਜੁਝਾਰ' ਨੇ ਫ਼ੌਰਨ ਕਹਾ : "ਅੱਬਾ!
ਮੈਂ ਭਾਈਓਂ ਸੇ ਕਿਉਂ ਰਹੂੰ ਘਟ ਕਰ ਭਲਾ ਅੱਬਾ"!
੧੦੬. ਲੋ ਜਾਓ, ਸਿਧਾਰੋ! ਤੁਮ੍ਹੇਂ ਕਰਤਾਰ ਕੋ ਸੌਂਪਾ!
ਮਰ ਜਾਓ ਯਾ ਮਾਰੋ, ਤੁਮ੍ਹੇਂ ਕਰਤਾਰ ਕੋ ਸੌਂਪਾ!
ਰੱਬ ਕੋ ਨਾ ਬਿਸਾਰੋ, ਤੁਮ੍ਹੇਂ ਕਰਤਾਰ ਕੋ ਸੌਂਪਾ!
ਸਿੱਖੀ ਕੋ ਉਭਾਰੋ, ਤੁਮ੍ਹੇਂ ਕਰਤਾਰ ਕੋ ਸੌਂਪਾ।
ਵਾਹਿਗੁਰੂ ਅਬ ਜੰਗ ਕੀ ਹਿੰਮਤ ਤੁਮ੍ਹੇਂ ਬਖ਼ਸ਼ੇ!
ਪਿਆਸੇ ਹੋ ਜਾਤ, ਜਾਮਿ ਸ਼ਹਾਦਤ ਤੁਮ੍ਹੇ ਬਖਸ਼ੇ।
੧੦੯. ਜਬ ਫ਼ਤਹ ਗਜਾ ਕਰ ਗਏ 'ਜੁਝਾਰ' ਥੇ ਰਨ ਮੇਂ।
ਹਰ ਸ਼ੇਰ, ਬਘੇਲਾ ਨਜ਼ਰ ਆਨੇ ਲਗਾ ਬਨ ਮੇਂ।
ਨੰਨ੍ਹੀ ਸੀ ਕਜ਼ਾ ਬੋਲੀ : 'ਮੈਂ ਆਈ ਹੂੰ ਸ਼ਰਨ ਮੇਂ।
ਦਿਲਵਾਉ ਅਮਾਂ, ਗੋਸ਼ਾਇ ਦਾਮਾਨਿ-ਕਫ਼ਨ ਮੇਂ।
ਮੈਂ ਜਿਸ ਕੇ ਹੂੰ ਕਬਜ਼ੇ ਮੇਂ, ਵੁਹ ਕਾਬੂ ਮੇਂ ਹੈ ਮੇਰੇ।
ਗੁਰਿਆਈ ਕਾ ਬਲ ਨੰਨ੍ਹੇ ਸੇ ਬਾਜ਼ੂ ਮੇਂ ਹੈ ਤੇਰੇ"।
੧੧੦. ਦਸ ਬੀਸ ਕੋ ਜ਼ਖਮੀ ਕੀਆ, ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਕੇ ਇਕੀਸ ਕੋ ਮਾਰਾ।
ਖੱਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗ਼ੁਲ ਮਚ ਗਿਆ:"ਇਕ ਤਿਫ਼ਲ ਨੇ ਚਾਲੀਸ ਕੋਮਾਰਾ।
ਬਚ ਬਚ ਕੇ ਲੜੋ, ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ ਨੀਮਚਾ ਲਾਏ ਹੈਂ ਗੁਰੂ ਜੀ ਕੀ ਕਮਰ ਸੇ।"



www.AKJ.Org

–ਬੱਸ, ਏਕ ਹਿੰਦ ਮੇਂ ਤੀਰਥ ਹੈ, ਯਾਤ੍ਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।
ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ,
ਯਹੀਂ ਸੇ ਬਨ ਕੇ ਸਤਾਰੇ ਗਏ 'ਸਮਾਂ ਕੇ ਲੀਏ।
ਗੁਰੂ ਗੋਬਿੰਦ ਕੇ ਲਖ਼ਤਿ ਜਿਗਰ ਅਜੀਤ ਜੁਝਾਰ,
ਫ਼ਲਕ ਪਿ ਇੱਕ, ਯਹਾਂ ਦੋ ਚਾਂਦ ਹੈ ਜ਼ਿਯਾ ਕੇ ਲੀਏ।
ਮਿਜ਼ਾਰ 'ਗੰਜਿ-ਸ਼ਹੀਦਾਂ ਹੈ, ਉਨ ਸ਼ਹੀਦੋਂ ਕਾ,
ਫ਼ਰਿਸ਼ਤੇ ਜਿਸ ਕੀ ਤਰਸਤੇ ਥੇ ਖ਼ਾਕਿ-ਪਾ ਕੇ ਲੀਏ।

ਉਠਾਏਂ ਆਂਖੋਂ ਸੇ ਆ ਕਰ, ਯਹਾਂ ਕੀ ਮੱਟੀ ਕੋ,
ਜੋ ਖ਼ਾਕ ਛਾਨਤੇ ਫਿਰਤੇ ਹੈਂ ਕੀਮੀਆ ਕੇ ਲੀਏ।
ਯਿਹ ਹੈ ਵਹੁ ਜਾ, ਜਹਾਂ ਚਾਲੀਸ ਤਨ ਸ਼ਹੀਦ ਹੂਏ,
ਖ਼ਤਾਬ 'ਸਰਵਰੀ' ਸਿੰਘੋਂ ਨੇ ਸਰ ਕਟਾ ਕੇ ਲੀਏ।
ਦਿਲਾਈ ਪੰਥ ਕੋ ਸਰਬਾਜ਼ੀਓਂ ਸੇ ਸਰਦਾਰੀ,
ਬਰਾਇ ਕੌਮ ਯੇ ਰੁਤਬੇ ਲਹੂ ਬਹਾ ਕੇ ਲੀਏ।
ਗਿਲਾ ਨਹੀਂ ਹੈ, ਤੁਵੱਜੋ ਦਿਲਾਨੀ ਚਾਹਤਾ ਹੂੰ,
ਅਪੀਲ ਕਰਤਾ ਹੂੰ ਸਿੰਘੋਂ ਕੀ ਕਰਬਲਾ ਕੇ ਲੀਏ।

**ਔਖੇ ਪਦਾਂ ਦੇ ਅਰਥ–**

(੧) ਗ਼ੈਜ਼–ਗੁੱਸਾ। ਸ਼ਰਾਰੇ–ਚੰਗਿਆੜੇ। ਗ਼ਜ਼ਬਨਾਕ–ਗੁੱਸੇ ਨਾਲ ਭਰੇ ਪੀਤੇ। ਅੱਦੂ–ਵੈਰੀ ਦਲ। ਗਲੂ–ਗਲਾ।
(੭) ਹੁਮਹੁਮਾ–ਗਰਜ। ਜ਼ਲਜ਼ਲਾ–ਭੁਚਾਲ। ਸਕਤੇ–ਸੁੰਨ। ਚਰਖ਼–ਅਸਮਾਨ। ਸਾਕਨ–ਅਚੱਲ।
(੧੦) ਜ਼ਿਕਰਿ ਖ਼ੁਦਾ–ਵਾਹਿਗੁਰੂ ਦਾ ਸਿਮਰਨ। ਸਰਕਾਰ–ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਦੁਆ–ਜੋਦੜੀ, ਸਿਫ਼ਤ ਸਲਾਹ। ਸੁਰਖ਼ਰੂ–ਉਜਲ-ਮੁਖਾ। (੧੫)ਬਾਲੀਂ–ਸਿਰਹਾਣੇ ਵਲੋਂ। ਇਸ ਜਾ ਸੇ–ਇਸ ਥਾਂ ਤੋਂ। ਹਲਕੂਮ–ਗਲਾ। ਦਹਨ–ਮੁਖੜਾ। ਪਾਇੰਤੀ–ਪੈਂਦ ਵਲ।
(੧੭) ਸ਼ਫ਼ਕਤ–ਬਖ਼ਸ਼ਸ਼, ਮਿਹਰ। ਉਲਫ਼ਤ–ਪਿਆਰ।
(੧੮) ਹਰ-ਚੰਦ–ਭਾਵੇਂ। ਤਾਬਿ-ਰਕਮ–ਲਿਖਣ-ਸ਼ਕਤੀ। ਬਹਿਰ–ਸਮੁੰਦਰ। ਸਾਹਿਲ–ਕੰਢਾ, ਕਿਨਾਰਾ।
(੫੭) ਸ਼ੇਰ-ਜਿਆਂ–ਬਬਰ ਸ਼ੇਰ। ਅੱਦੂ–ਵੈਰੀ ਦਲ। ਦਹਨ–ਮੂੰਹ। (੬੨)ਸਦਹਾ–ਸੈਂਕੜੇ। ਫ਼ਨਾਹ–ਮੌਤ। ਸ਼ਰਾਰੇ–ਚੰਗਿਆੜੇ। (੭੮)ਦਿਲਦਾਰ–ਦਿਲ ਦੇ ਟੁਕੜੇ, ਸਪੁੱਤਰ। ਵਸਫ਼–ਗੁਣ। ਦਹਾਂ–ਮੂੰਹ।
(੭੯) ਪ੍ਰਕਾਲਾਇ-ਆਤਿਸ਼–ਅੱਗ ਦੀ ਲਾਟ। ਸ਼ਰਰਬਾਰ–ਅੰਗਿਆਰੇ-ਵਰਸਾਊ। ਤਰਹਦਾਰ–ਅਨੋਖੀ ਘਾੜਤ ਵਾਲੀ। ਦੋਸ਼–ਮੋਢਾ। ਤਿਸ਼ਨਾਇ-ਖ਼ੂੰ–ਲਹੂ ਦੀ ਪਿਆਸੀ।
(੮੦) ਬਰਕਿ ਬਲਾ–ਬਿਜਲੀ ਰੂਪ ਆਫ਼ਤ।
(੮੧) ਅੱਦੂ–ਦੁਸ਼ਮਣ। ਬਰਕ–ਬਿਜਲੀ। ਨੌ-ਮਸ਼ਕ–ਨਵਾਂ ਅਭਿਆਸੀ, ਸਿਖਾਂਦਰੂ। ਜ਼ਿਨਹਾਰ–ਕਦਾਚਿਤ। ਹੱਦਿ-ਅਦਬ–ਸਤਿਕਾਰ ਦੀ ਹੱਦ।
(੮੪) ਫ਼ਿਰਦੌਸ–ਸਵਰਗ। ਯਲ–ਸੂਰਬੀਰ। ਪਿਸਰਿ ਪੀਰ-ਜਿਆਂ–ਮਹਾਨ ਪੀਰ (ਗੁਰੂ) ਦੇ ਲੜਕੇ।
(੯੪) ਜ਼ੀ-ਜਾਹ–ਮਹਾਨ ਸ਼ਖ਼ਸੀਅਤ ਵਾਲਾ। ਤਵੱਕੋ–ਅੰਦਾਜ਼ੇ। ਸ਼ੁਜਾਅਤ–ਸੂਰਬੀਰਤਾ। ਨਿਦਾ–ਅਵਾਜ਼। ਪਿਸਰ–ਸਪੁੱਤਰ। (੯੫) ਆਦਾਬ–ਸਤਿਕਾਰ ਵਜੋਂ। ਦਿਲਾਵਰ–ਵਡੇ ਦਿਲ ਵਾਲਾ। ਸਿਤਮ-ਆਰਾ–ਜ਼ਾਲਮ। ਤਿਊਰਾ ਕੇ–ਭੌਂ ਕੇ। ਖ਼ੁਲਦ–ਸਵਰਗ। ਤਨਿ ਜ਼ਾਰ–ਮਿੱਟੀ ਦਾ ਪੁਤਲਾ।
(੯੭) ਦਹਨਿ-ਪਾਕ–ਪਵਿਤਰ ਮੂੰਹ। ਪੈਹਮ–ਕਈ ਵਾਰ। (੯੯) ਸਿਨ–ਉਮਰਾ, ਆਯੂ। ਗੁਲ ਸਾ ਬਦਨ–ਫੁਲ ਵਰਗਾ ਮੁਖੜਾ। ਕਾਬਲਿ ਸੂਫ਼ਾਰ ਨਹੀਂ–ਤੀਰ ਦੀ ਅਣੀ ਸਹਿਣ ਯੋਗ ਨਹੀਂ।
(੧੦੯) ਕਜ਼ਾ–ਹੋਣੀ, ਮੌਤ। ਅਮਾਂ–ਓਟ, ਆਸਰਾ। ਗੋਸ਼ਾਇ ਦਾਮਾਨਿ ਕਫ਼ਨ ਮੇਂ–ਕਫ਼ਨ ਦੇ ਪਲਿਆਂ ਦੀ ਕੰਨੀ ਵਿਚ।
(੧੧੦) ਖ਼ਨਾਸ–ਦੈਂਤ, ਰਾਕਸ਼। ਇਬਲੀਸ–ਸ਼ੈਤਾਨ। ਗ਼ੁਲ–ਰੌਲਾ। ਤਿਫ਼ਲ–ਬਾਲ। ਪਿਸਰ–ਸਪੁੱਤਰ, ਸਾਹਿਬਜ਼ਾਦਾ। ਨੀਮਚਾ–ਨਿੱਕਾ ਖੰਡਾ।
(ਆਖਰੀ) ਮਿਹਰ–ਸੂਰਜ। 'ਸਮਾਂ–ਅਕਾਸ਼। ਜ਼ਿਆ–ਰੌਸ਼ਨੀ, ਚਾਨਣ। ਖ਼ਾਕਿ-ਪਾ–ਚਰਨਾਂ ਦੀ ਧੂੜੀ। ਕੀਮੀਆ–ਰਸਾਇਣ। ਸਰਵਰੀ–ਸਰਦਾਰੀ। ਸਰਬਾਜ਼ੀਓਂ–ਕੁਰਬਾਨੀਆਂ, ਸ਼ਹੀਦੀਆਂ।


www.AKJ.Org

ੴ ਸਤਿਗੁਰਪ੍ਰਸਾਦਿ ॥

# ਮਹਲਾ ੫ ਗਾਥਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸਲੋਕ ਸਹਸਕ੍ਰਿਤੀ" ਅਤੇ "ਗਾਥਾ" ਨਾਮ ਦੀਆਂ ਬਾਣੀਆਂ ਪੁਰਾਤਨ ਪ੍ਰਾਕ੍ਰਿਤ ਭਾਸ਼ਾ ਵਿਚ ਹੋਣ ਕਰਕੇ ਕਾਫ਼ੀ ਮੁਸ਼ਕਲ ਸਮਝੀਆਂ ਜਾਂਦੀਆਂ ਹਨ। ਗੁਰਸਿੱਖ ਸੰਗਤਾਂ ਨੂੰ ਇਨ੍ਹਾਂ ਬਾਣੀਆਂ ਦੇ ਪਾਠ ਕਰਨ ਅਤੇ ਇਨ੍ਹਾਂ ਦਾ ਅਰਥ-ਬੋਧ ਪ੍ਰਾਪਤ ਕਰਨ ਵਿਚ ਕਾਫ਼ੀ ਕਠਨਾਈ ਮਹਿਸੂਸ ਹੁੰਦੀ ਹੈ। ਸੰਗਤਾਂ ਦੀ ਇਸ ਕਠਨਾਈ ਨੂੰ ਅਨੁਭਵ ਕਰ ਕੇ "ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ" ਵਲੋਂ ਇਨ੍ਹਾਂ ਦੋਹਾਂ ਬਾਣੀਆਂ ਦਾ ਸਰਲ ਤੇ ਸੁਖੈਨ ਟੀਕਾ ਸੰਗਤਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਅਰਥ, ਬਿਸਰਾਮ, ਉਚਾਰਨ ਅਤੇ ਵਿਆਖਿਆ ਆਦਿ ਸੰਬੰਧੀ ਜੋ ਸੁਝਾਅ ਪਾਠਕ ਸਜਣ ਭੇਜਣਗੇ, ਉਨ੍ਹਾਂ ਉਤੇ ਪ੍ਰੇਮ ਪੂਰਬਕ ਵਿਚਾਰ ਕਰ ਕੇ ਉਨ੍ਹਾਂ ਦਾ ਲਾਭ ਉਠਾਇਆ ਜਾਵੇਗਾ।

ਪਹਿਲਾਂ "ਗਾਥਾ" ਦੇ ਅਰਥ ਦੋ ਕਿਸ਼ਤਾਂ ਵਿਚ ਦਿਤੇ ਜਾ ਰਹੇ ਹਨ।

ਦਾਸਰਾ—ਜੁਗਿੰਦਰ ਸਿੰਘ ਤਲਵਾੜਾ

## ਗਾਥਾ—ਕਥਾ, ਹਰੀ ਜਸ ਦੀ ਕਥਾ।

ਕਰਪੂਰ[1] ਪੁਹਪ[2] ਸੁਗੰਧਾ[3]
ਪਰਸ[4] [5]ਮਾਨੁਖੵ ਦੇਹੰ ਮਲੀਣੰ[6] ॥
ਮਜਾ[7] ਰੁਧਿਰ[8] ਦ੍ਰੁਗੰਧਾ[9]
ਨਾਨਕ
ਅਥਿ[10] ਗਰਬੇਣ[11] ਅਗੵਾਨਣੋ[12] ॥੧॥

ਮੁਸ਼ਕ ਕਪੂਰ, ਫੁੱਲ ਤੇ ਹੋਰ ਖੁਸ਼ਬੂਦਾਰ ਪਦਾਰਥ ਮਨੁਖਾ ਦੇਹੀ ਦੀ ਛੁਹ ਨਾਲ ਗੰਦੇ ਹੋ ਜਾਂਦੇ ਹਨ, (ਕਿਉਂਕਿ ਇਸ ਦੇਹੀ ਅੰਦਰ) ਮਿਝ, ਲਹੂ ਤੇ ਹੋਰ ਦੁਰਗੰਧੀਆਂ ਹਨ। "ਨਾਨਕ!" ਅਗਿਆਨੀ ਜੀਵ ਇਸ (ਦੁਰਗੰਧੀਆਂ ਨਾਲ ਭਰੀ ਦੇਹੀ) ਉਤੇ ਹੰਕਾਰ ਕਰਦਾ ਹੈ।੧।

ਭਾਵ :—ਮਨੁਖਾ ਸਰੀਰ ਦੇ ਅੰਦਰ ਲਹੂ, ਮਿਝ ਅਤੇ ਹੋਰ ਦੁਰਗੰਧੀਆਂ ਹਨ। ਕਈ ਕਿਸਮ ਦੀਆਂ ਸੁਗੰਧੀਆਂ ਇਸ ਨਾਲ ਲਗ ਕੇ ਮਗਰੋਂ ਬਦਬੂ ਮਾਰਨ ਲਗਦੀਆਂ ਹਨ। ਹਡ ਚੰਮ ਦੇ ਇਸ ਸਰੀਰ ਦਾ ਹੰਕਾਰ ਕਰਨਾ ਨਿਰੀ ਮੂਰਖਤਾ ਹੈ। ਯਥਾ ਗੁਰਵਾਕ :—

ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥ (੩੭੪)

ਪਰਮਾਣੋ[1] ਪਰਜੰਤ[2] ਆਕਾਸਹ[3]
ਦੀਪ[4] ਲੋਅ[5] ਸਿ ਖੰਡਣਹ[6] ॥

ਹੇ ਨਾਨਕ! ਜੇ ਕੋਈ ਪ੍ਰਾਣੀ (ਕਿਸੇ ਸਿੱਧੀ ਕਰਕੇ) ਪਰਮਾਣੂ ਜਿੰਨਾ ਸੁਖਮ ਹੋ ਕੇ ਅਕਾਸ਼ਾਂ, ਦੀਪਾਂ, ਲੋਆਂ ਅਤੇ ਧਰਤੀ ਦੇ ਸਾਰੇ ਖੰਡਾਂ

---

(੧) 1. ਕਰਪੂਰ—ਮੁਸ਼ਕ ਕਪੂਰ (ਕਾਫ਼ੂਰ)। 2. ਪੁਹਪ—ਫੂਲ। 3. ਸੁਗੰਧਾ—ਸੁਗੰਧੀ ਵਾਲੇ ਪਦਾਰਥ। 4. ਪਰਸ—ਛੁਹ (ਇਸਤ੍ਰੀ ਲਿੰਗ ਨਾਂਵ)। 5. ਮਾਨੁਖੵ ਦੇਹੰ—ਮਨੁਖਾ ਦੇਹੀ। 6. ਮਲੀਣੰ—ਮਲੀਨ, ਗੰਦੇ। 7. ਮਜਾ—ਉਚਾਰਣ : ਮੱਜਾ, ਮਿਝ। 8. ਰੁਧਿਰ—ਰਕਤ, ਲਹੂ। 9. ਦ੍ਰੁਗੰਧਾ—ਦੁਰਗੰਧਤਾ, ਬਦਬੂ। 10. ਅਥਿ—ਇਸ ਉਤੇ। 11. ਗਰਬੇਣ—ਗਰਬ, ਹੰਕਾਰ ਕਰਦਾ ਹੈ। 12. ਅਗੵਾਨਣੋ—ਅਗਿਆਨੀ ਜੀਵ।

(੨) 1. ਪਰਮਾਣੋ—ਪਰਮਾਣੂ, (ਪਰਮ+ਅਣੂ) ਅਤਿ ਸੂਖਮ ਅਣੂ। 2. ਪਰਜੰਤ—ਪਰਯੰਤ, ਤੀਕ, ਤੋੜੀ, ਆਖ਼ਰੀ ਹੱਦ ਤਕ। 3. ਆਕਾਸਹ—ਅਕਾਸ਼। 4. ਦੀਪ—ਜਜ਼ੀਰੇ, ਟਾਪੂ। 5. ਲੋਅ—ਲੋਕ। 6. ਖੰਡਣਹ—ਖੰਡ, ਧਰਤੀ ਦੇ ਹਿਸੇ।



www.AKJ.Org

ਗਛੇਣ[7] ਨੈਣ ਭਾਰੇਣ[8]
ਨਾਨਕ
ਬਿਨਾ ਸਾਧੂ[9] [10]ਨ ਸਿਧੵਤੇ ॥੨॥

ਤਕ ਅੱਖ ਦੇ ਪਲਕਾਰੇ ਵਿਚ ਜਾ ਆਵੇ (ਤਾਂ ਵੀ) ਸਾਧੂ-ਸਤਿਗੁਰੂ ਤੋਂ ਬਿਨਾਂ (ਜੀਵਨ-ਮਨੋਰਥ ਦੀ ਪ੍ਰਾਪਤੀ ਕਰਨ ਵਿਚ) ਸਫਲ ਨਹੀਂ ਹੋ ਸਕਦਾ ।੨।

ਭਾਵ :—ਸਤਿਗੁਰੂ ਦੀ ਸ਼ਰਨ ਲਏ ਬਿਨਾਂ ਮਨੁਖਾ ਜਨਮ ਸਫਲ ਨਹੀਂ ਹੋ ਸਕਦਾ, ਭਾਵੇਂ ਕੋਈ ਪ੍ਰਾਣੀ ਕਿੰਨੀਆਂ ਵੀ ਰਿਧੀਆਂ ਸਿਧੀਆਂ ਪ੍ਰਾਪਤ ਕਰ ਲਵੇ ।

[1]ਜਾਣੋ ਸਤਿ ਹੋਵੰਤੋ[2] ਮਰਣੋ[3]
ਦ੍ਰਿਸਟੇਣ[4] ਮਿਥਿਆ[5] ॥
ਕੀਰਤਿ[6] [8]ਸਾਥਿ ਚਲੰਥੋ[7]
ਭਣੰਤਿ[9] ਨਾਨਕ [10]ਸਾਧ ਸੰਗੇਣ ॥੩॥

ਨਿਸਚੇ ਕਰਕੇ ਜਾਣੋ ਕਿ ਮੌਤ ਅਵੱਸ਼ ਹੋਣੀ ਹੈ, ਇਹ ਦ੍ਰਿਸ਼ਟਮਾਨ ਪਸਾਰਾ ਬਿਨਸਨਹਾਰ ਹੈ । 'ਨਾਨਕ' ! ਸਾਧ ਸੰਗਤ ਵਿਚ ਜੁੜ ਕੇ ਜੇ ਕੋਈ ਪ੍ਰਭੂ ਦੀ ਸਿਫਤ ਸਲਾਹ ਆਖਦਾ ਹੈ ਤਾਂ ਇਹ (ਸਿਫ਼ਤ-ਸਲਾਹ ਮਰਨ ਮਗਰੋਂ ਵੀ ਮਨੁਖ ਦੇ)ਨਾਲ ਜਾਂਦੀ ਹੈ ।੩।

ਭਾਵ :—ਮਿਥਿਆ ਸੰਸਾਰ ਵਿਚੋਂ ਜੇ ਕੁਝ ਲੋਕ-ਪ੍ਰਲੋਕ ਵਿਚ ਮਨੁੱਖ ਦੇ ਨਾਲ ਨਿਭਦਾ ਹੈ ਤਾਂ ਉਹ ਹੈ ਸਾਧ ਸੰਗਤ ਵਿਚ ਜੁੜ ਕੇ ਕੀਤੀ ਪ੍ਰਭੂ ਦੀ ਸਿਫਤ ਸਾਲਾਹ । ਗੁਰਵਾਕ :—

ਬਿਨੁ ਹਰਿ ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥
ਗੁਰ ਕਾ ਸਬਦੁ ਜਾਪਿ ਮਨ ਸੁਖਾ ॥ ਈਹਾ ਊਹਾ ਤੇਰਾ ਊਜਲ ਮੁਖਾ॥੨॥੧੧॥੨੨(੮੮੯)

ਮਾਯਾ ਚਿਤ[1] ਭਰਮੇਣ[2]
ਇਸਟ[3] ਮਿਤ੍ਰੇਖੁ[4] ਬਾਂਧਵਹ[5] ॥
ਲਬਧੰ[6] [7]ਸਾਧ ਸੰਗੇਣ
ਨਾਨਕ
[8]ਸੁਖ ਅਸਥਾਨੰ [9]ਗੋਪਾਲ ਭਜਣੰ ॥੪॥

ਮਾਇਆ ਮਨੁਖੀ ਮਨ ਨੂੰ ਪਿਆਰੇ ਮਿਤਰਾਂ ਤੇ ਸਨਬੰਧੀਆਂ (ਦੇ ਮੋਹ) ਵਿਚ ਭਟਕਾਈ ਫਿਰਦੀ ਹੈ । 'ਨਾਨਕ' ! ਸੁਖਾਂ ਦਾ (ਅਚੱਲ) ਟਿਕਾਣਾ ਪ੍ਰਭੂ ਦਾ ਭਜਨ ਹੀ ਹੈ, ਜੋ ਸਾਧ ਸੰਗਤ ਵਿਚੋਂ ਲਭਦਾ ਹੈ ।੪।

ਭਾਵ :—ਇਹ ਸਾਰੇ ਸੰਸਾਰਕ ਸੰਬੰਧ ਮਾਇਆ ਦਾ ਹੀ ਪਸਾਰਾ ਹੈ, ਇਨ੍ਹਾਂ ਵਿਚ ਰਚ ਕੇ ਸੁਖ ਨਹੀਂ ਮਿਲ ਸਕਦਾ । ਸੱਚਾ ਸੁਖ ਕੇਵਲ ਪ੍ਰਭੂ-ਸਿਮਰਨ ਵਿਚ ਹੈ, ਜੋ ਸਾਧ ਸੰਗਤ ਦੁਆਰਾ ਪ੍ਰਾਪਤ ਹੋ ਸਕਦਾ ਹੈ । ਗੁਰਵਾਕ—

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕ, ਸਾਧ ਸੰਗਤਿ ਜਪਿ ਇਕ ਖਿਨਾ ॥੧॥(ਪੰਨਾ੨੧੦)

---

7. ਗਛੇਣ—ਗਛਣਾ, ਜਾਣਾ, ਜਾ ਆਵੇ । 8. ਨੈਣ ਭਾਰੇਣ—ਅੱਖ ਦੇ ਪਲਕਾਰੇ ਵਿਚ । 9. ਸਾਧੂ—ਸਤਿਗੁਰੂ । 10 ਨ ਸਿਧੵਤੇ—ਸਫਲ ਨਹੀਂ ਹੁੰਦਾ ।

(੩) 1. ਜਾਣੋ ਸਤਿ—ਸੱਚ ਜਾਣੋ, ਨਿਸਚੇ ਕਰ ਕੇ ਜਾਣੋ । 2. ਹੋਵੰਤੋ—ਹੁੰਦਾ ਹੈ । 3. ਮਰਣੋ—ਮਰਨਾ । 4. ਦ੍ਰਿਸਟੇਣ—ਦ੍ਰਿਸ਼ਟਮਾਨ, ਦਿਸਦਾ ਸੰਸਾਰ । 5. ਮਿਥਿਆ—ਝੂਠਾ,ਬਿਨਸਨਹਾਰ । 6. ਕੀਰਤਿ—ਕੀਰਤੀ, ਵਾਹਿਗੁਰੂ ਦੀ ਸਿਫਤ ਸਲਾਹ । 7.ਚਲੰਥੋ—ਚਲਦੀ ਹੈ । 8.ਸਾਥਿ ਚਲੰਥੋ—ਨਾਲ ਚਲਦੀ ਹੈ,ਨਾਲ ਨਿਭਦੀ ਹੈ । 9.ਭਣੰਤਿ—ਭਣਦਾ ਹੈ,ਆਖਦਾ ਹੈ । 10.ਸਾਧ ਸੰਗੇਣ—ਸਾਧ ਸੰਗਤ ਵਿਚ ।

(੪) 1. ਚਿਤ—ਮਨੁਖੀ ਮਨ । 2. ਭਰਮੇਣ—ਭਰਮਾਂਦੀ ਹੈ, ਭਟਕਾਂਦੀ ਹੈ । 3. ਇਸਟ—ਪਿਆਰੇ । 4. ਮਿਤ੍ਰੇਖੁ—ਮਿਤਰਾਂ ਵਿਚ । 5, ਬਾਂਧਵਹ—ਸਨਬੰਧੀਆਂ ਵਿਚ । 6. ਲਬਧੰ—ਲਭਦਾ ਹੈ । 7. ਸਾਧ ਸੰਗੇਣ—ਸਾਧ ਸੰਗਤ ਵਿਚ । 8.ਸੁਖ ਅਸਥਾਨੰ—ਸੁਖਾਂ ਦਾ ਟਿਕਾਣਾ । 9.ਗੋਪਾਲ ਭਜਣੰ—ਗੋਪਾਲ ਪ੍ਰਭੂ ਦਾ ਭਜਨ ।



www.AKJ.Org

| | |
|---|---|
| ਮੈਲਾਗਰ[1] ਸੰਗੇਣ[2]<br>ਨਿੰਮੁ ਬਿਰਖ ਸਿ ਚੰਦਨਹ ॥ | ਚੰਦਨ ਦੇ ਬੂਟੇ ਨਾਲ ਉਗੇ ਨਿੰਮ ਵਰਗੇ (ਕੌੜੇ ਤੇ ਤੁਛ) ਬ੍ਰਿਛ ਵੀ ਚੰਦਨ ਹੀ ਹੋ ਜਾਂਦੇ ਹਨ। |
| ਨਿਕਟਿ[3] ਬਸੰਤੋ[4] ਬਾਂਸੋ[5]<br>ਨਾਨਕ<br>ਅਹੰਬੁਧਿ[6] [7]ਨ ਬੋਹਤੇ ॥੫॥ | ਬਾਂਸ ਵੀ (ਭਾਵੇਂ) ਚੰਦਨ ਦੇ ਨੇੜੇ ਵਸਦਾ ਹੈ, ਪਰ (ਉਚੇ ਹੋਣ ਦੀ) ਹੰਗਤਾ ਕਾਰਨ ਸੁਗੰਧਤ ਨਹੀਂ ਹੁੰਦਾ।੫। |

ਭਾਵ :–ਨਿਮ੍ਰਤਾ ਵਾਲੀ ਬੁਧੀ ਵਿਚ ਗੁਣ ਸਮੋ ਸਕਦੇ ਹਨ। ਹੰਕਾਰੀ ਬੁਧੀ ਗੁਣਾਂ ਦੀ ਸੋਭਾ ਤੋਂ ਵਿਰਵੀ ਹੀ ਰਹਿੰਦੀ ਹੈ।੫।

| | |
|---|---|
| ਗਾਥਾ[1] ਗੁੰਫ[2] ਗੋਪਾਲ<br>ਕਥੰ[3] ਮਥੰ[4] ਮਾਨ ਮਰਦਨਹ[5] ॥<br>ਹਤੰ[6] [7]ਪੰਚ ਸਤ੍ਰੇਣ<br>ਨਾਨਕ<br>ਹਰਿ ਬਾਣੇ[8] ਪ੍ਰਹਾਰਣਹ[9] ॥੬॥ | ਇਸ ਗਾਥਾ ਵਿਚ ਗੋਪਾਲ ਪ੍ਰਭੂ ਦੀ ਕਥਾ ਗੁੰਦੀ ਹੋਈ ਹੈ। ਇਸ ਨੂੰ ਕਥਨ ਅਤੇ ਵਿਚਾਰਨ ਨਾਲ ਮਾਣ ਹੰਕਾਰ ਦਲਿਆ ਮਲਿਆ ਜਾਂਦਾ ਹੈ। 'ਨਾਨਕ' ! ਹਰਿ ਨਾਮ (ਸਿਮਰਨ) ਦੇ ਤੀਰ ਚਲਾਉਣ ਨਾਲ ਕਾਮ ਕ੍ਰੋਧ ਆਦਿਕ ਪੰਜੇ ਹੀ ਵੈਰੀ ਮਰ-ਮਿਟ ਜਾਂਦੇ ਹਨ।੬। |

ਭਾਵ :–ਨਾਮ ਸਿਮਰਨ ਦੀ ਬਰਕਤ ਨਾਲ ਕਾਮ ਕ੍ਰੋਧ ਆਦਿ ਵਿਕਾਰ ਨਾਸ਼ ਹੋ ਜਾਂਦੇ ਹਨ। ਗੁਰਵਾਕ :–

ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥
ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥ (ਪੰਨਾ ੧੩੬੩)

| | |
|---|---|
| [2]ਬਚਨ ਸਾਧ[1] [3]ਸੁਖ ਪੰਥਾ<br>ਲਹੰਥਾ[4] [5]ਬਡ ਕਰਮਣਹ ॥ | ਸਾਧ-ਸਤਿਗੁਰੂ ਦਾ ਉਪਦੇਸ਼ ਸੱਚੇ ਸੁਖ ਦਾ ਮਾਰਗ ਹੈ। ਇਹ ਮਾਰਗ ਵੱਡੇ ਭਾਗਾਂ ਨਾਲ ਲਭਦਾ ਹੈ। |
| ਰਹੰਤਾ[6] [7]ਜਨਮ ਮਰਣੇਨ<br>ਰਮਣੰ[8] ਨਾਨਕ ਹਰਿ ਕੀਰਤਨਹ ॥੭॥ | 'ਨਾਨਕ' ! ਪ੍ਰਭੂ ਦੀ ਕੀਰਤੀ (ਸਿਫਤ ਸਲਾਹ) ਕਰਨ ਨਾਲ ਜਨਮ ਮਰਨ (ਦਾ ਗੇੜ) ਮੁਕ ਜਾਂਦਾ ਹੈ।੭। |

ਭਾਵ :–ਸਤਿਗੁਰੂ ਦੇ ਬਖਸ਼ੇ ਨਾਮ ਦੀ ਅਭਿਆਸ-ਕਮਾਈ ਕੀਤਿਆਂ ਹੀ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਮਿਲ ਸਕਦਾ ਹੈ। ਗੁਰਵਾਕ :–

ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥
ਨਾਨਕ ਲਧੜੀਆ ਤਿੰਨਾਹ ਜਿਨਾ ਭਾਗ ਮਥਾਹੜੈ ॥੨॥੨੧॥ (੧੧੦੧)

---

(੫) 1. ਮੈਲਾਗਰ–ਚੰਦਨ। 2 ਸੰਗੇਣ–ਸੰਗ ਵਿਚ। 3.ਨਿਕਟਿ–ਨੇੜੇ, ਕੋਲ। 4.ਬਸੰਤੋ–ਵਸਦਾ ਹੈ। 5.ਬਾਂਸੋ–ਬਾਂਸ। 6.ਅਹੰਬੁਧਿ–ਹੰਕਾਰ ਵਾਲੀ ਬੁੱਧੀ ਕਰ ਕੇ। 7.ਨ ਬੋਹਤੇ–ਸੁਗੰਧਤ ਨਹੀਂ ਹੁੰਦਾ।

(੬) 1. ਗਾਥਾ–ਕਥਾ,ਪ੍ਰਭੂ ਦੀ ਉਸਤਤ। 2.ਗੁੰਫ–ਗੁੰਫਣਾ,ਗੁੰਦਣਾ। 3.ਕਥੰ–ਕਥਨ ਨਾਲ। 4.ਮਥੰ–ਵਿਚਾਰਨ ਨਾਲ। 5.ਮਰਦਨਹ–ਦਲਿਆ ਜਾਂਦਾ ਹੈ,ਨਾਸ ਹੋ ਜਾਂਦਾ ਹੈ। 6.ਹਤੰ–ਮਰ ਜਾਂਦੇ ਹਨ, ਨਾਸ ਹੋ ਜਾਂਦੇ ਹਨ। 7. ਪੰਚ ਸਤ੍ਰੇਣ–ਪੰਜ ਕਾਮ ਕ੍ਰੋਧ ਆਦਿ ਵੈਰੀ। 8. ਬਾਣੇ–ਤੀਰ। 9. ਪ੍ਰਹਾਰਣਹ–ਪ੍ਰਹਾਰ ਕਰਨ ਨਾਲ, ਚਲਾਉਣ ਨਾਲ।

(੭) 1. ਸਾਧ–ਸਤਿਗੁਰੂ। 2. ਬਚਨ ਸਾਧ–ਸਤਿਗੁਰੂ ਦੇ ਬਚਨ, ਉਪਦੇਸ਼। 3. ਸੁਖ ਪੰਥਾ–ਸੁਖਾਂ ਦਾ ਰਸਤਾ,ਮਾਰਗ। 4.ਲਹੰਥਾ–ਲਭਦਾ ਹੈ। 5.ਬਡ ਕਰਮਣਹ–ਵਡੇ ਭਾਗਾਂ ਨਾਲ। 6. ਰਹੰਤਾ–ਰਹਿ ਜਾਂਦਾ ਹੈ। 7. ਜਨਮ ਮਰਣੇਨ–ਜਨਮ ਮਰਨ ਦਾ ਚੱਕਰ। 8. ਰਮਣੰ–ਉਚਾਰਨ ਨਾਲ।



www.AKJ.Org

ਪਤ੍ਰ ਭੁਰਿ[1] ਜੇਣ[2] ਝੜੀਯੰ[3]
[4]ਨਹ ਜੜੀਅੰ [5]ਪੇਡ ਸੰਪਤਾ ॥
ਨਾਮ ਬਿਹੂਣ[6] ਬਿਖਮਤਾ[7]
ਨਾਨਕ
ਬਹੰਤਿ[8] ਜੋਨਿ[9] ਬਾਸਰੋ[10] ਰੈਣੀ[11] ॥੮॥

ਜਿਹੜੇ ਪੱਤਰ ਸੁਕ ਕੇ (ਬ੍ਰਿਛ ਦੀਆਂ ਟਾਹਣੀਆਂ ਨਾਲੋਂ) ਡਿਗ ਪੈਂਦੇ ਹਨ, ਉਹ (ਮੁੜ) ਬ੍ਰਿਛ ਦੀਆਂ ਟਾਹਣੀਆਂ ਨਾਲ ਜੜੇ ਨਹੀਂ ਜਾ ਸਕਦੇ । (ਇਸੇ ਤਰ੍ਹਾਂ) 'ਨਾਨਕ' ! ਜਿਹੜੇ ਪ੍ਰਾਣੀ (ਜੀਵਨ ਵਿਚ) ਨਾਮ ਤੋਂ ਵਿਰਵੇ ਹੋ ਜਾਂਦੇ ਹਨ, ਉਹ ਦਿਨ ਰਾਤ (ਭਾਵ ਜੀਵਨ ਭਰ) ਕਠਨਾਈ ਵਿਚ ਪਏ ਰਹਿੰਦੇ ਹਨ ਅਤੇ ਇਸ ਤਰ੍ਹਾਂ (ਸਰਬੋਤਮ) ਮਨੁਖ ਜੋਨੀ ਅਜਾਈਂ ਹੀ ਬੀਤ ਜਾਂਦੀ ਹੈ ।੮।

ਭਾਵ :–ਸਿਮਰਨ ਬਿਹੂਨ ਜੀਵਨ ਨਿਸਫਲ ਚਲਾ ਜਾਂਦਾ ਹੈ । ਗੁਰਵਾਚ–

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩੦॥ (੧੩੬੬)

ਭਾਵਨੀ[1] [2]ਸਾਧ ਸੰਗੇਣ
ਲਭੰਤੰ[3] [4]ਬਡ ਭਾਗਣਹ ॥
ਹਰਿ ਨਾਮ ਗੁਣ ਰਮਣੰ[5]
ਨਾਨਕ
[6]ਸੰਸਾਰ ਸਾਗਰ [7]ਨਹ ਬਿਆਪਣਹ ॥੯॥

(ਹਰਿ ਨਾਮ ਪ੍ਰਤੀ) ਸ਼ਰਧਾ-ਭਾਵਨੀ ਸਾਧ ਸੰਗਤ ਵਿਚ ਜੁੜਨ ਨਾਲ ਉਪਜਦੀ ਹੈ, ਪਰ ਇਹ ਵਡੇ ਭਾਗਾਂ ਨਾਲ ਮਿਲਦੀ ਹੈ । 'ਨਾਨਕ' ! (ਸਾਧ ਸੰਗਤ ਵਿਚ ਮਿਲ ਕੇ) ਹਰਿ ਨਾਮ ਸਿਮਰਨ ਕਰਨ, ਅਥਵਾ ਪ੍ਰਭੂ ਦੇ ਗੁਣ ਗਾਇਨ ਕਰਨ ਦਾ ਸਦਕਾ ਜੀਵ ਨੂੰ ਸੰਸਾਰ-ਸਮੁੰਦਰ ਦੀਆਂ ਵਿਸ਼ੇ-ਵਿਕਾਰ ਰੂਪੀ ਲਹਿਰਾਂ ਨਹੀਂ ਵਿਆਪਦੀਆਂ, ਭਾਵ ਦੁਖੀ ਨਹੀਂ ਕਰਦੀਆਂ ।੯।

ਭਾਵ :–ਸਾਧ ਸੰਗਤ ਵਿਚ ਜੁੜ ਕੇ ਨਾਮ ਸਿਮਰਨ ਕਰਨ ਨਾਲ ਜੀਵ ਉਤੇ ਸੰਸਾਰ ਹਾਵੀ ਨਹੀਂ ਹੋ ਸਕਦਾ ।

ਗਾਥਾ[1] ਗੂੜ[2] ਅਪਾਰੰ[3]
ਸਮਝਣੰ [4]ਬਿਰਲਾ ਜਨਹ ॥
[6]ਸੰਸਾਰ ਕਾਮ[5] ਤਜਣੰ[7]
ਨਾਨਕ
[8]ਗੋਬਿੰਦ ਰਮਣੰ [9]ਸਾਧ ਸੰਗਮਹ ॥੧੦॥

ਅਪਾਰ ਪ੍ਰਭੂ ਦੀ ਕਥਾ ਬੜੀ ਡੂੰਘੀ (ਰਹੱਸ-ਮਈ) ਹੈ । ਇਸ ਦੇ ਗੂੜ੍ਹ ਰਹੱਸ ਨੂੰ ਕੋਈ ਵਿਰਲਾ ਜਨ ਹੀ ਸਮਝਦਾ ਹੈ । 'ਨਾਨਕ' ! ਸਾਧ ਸੰਗਤ ਵਿਚ ਮਿਲ ਕੇ ਗੋਬਿੰਦ ਦੇ ਗੁਣ ਗਾਉਣ ਨਾਲ ਸੰਸਾਰਕ ਪਦਾਰਥਾਂ ਦੀਆਂ ਕਾਮਨਾਵਾਂ ਖਹਿੜਾ ਛਡ ਜਾਂਦੀਆਂ ਹਨ ।੧੦।

---

(੮) ਭੁਰਿ–ਭੁਰ ਕੇ,ਸੁਕ ਕੇ । 2. ਜੇਣ–ਜਿਹੜੇ । 3. ਝੜੀਯੰ–ਝੜ ਜਾਂਦੇ ਹਨ । 4. ਨਹ ਜੜੀਅੰ–ਨਹੀਂ ਜੜੇ ਜਾ ਸਕਦੇ । 5. ਪੇਡ ਸੰਪਤਾ–ਬ੍ਰਿਛ ਦੀਆਂ ਟਾਹਣੀਆਂ । 6. ਬਿਹੂਣ–ਖਾਲੀ, ਵਿਰਵੇ । 7. ਬਿਖਮਤਾ–ਕਠਨਾਈ । 8. ਬਹੰਤਿ–ਵਹਿੰਦੇ ਹਨ, ਭਟਕਦੇ ਹਨ । 9. ਜੋਨਿ–ਜੂਨਾਂ ਵਿਚ । 10. ਬਾਸਰੋ–ਦਿਨ । 11. ਰੈਣੀ–ਰਾਤ ।

(੯) 1. ਭਾਵਨੀ–ਸ਼ਰਧਾ । 2. ਸਾਧ ਸੰਗੇਣ–ਸਾਧ ਸੰਗਤ ਵਿਚ । 3. ਲਭੰਤੰ–ਲਭਦੀ ਹੈ । 4. ਬਡ ਭਾਗਣਹ–ਵਡੇ ਭਾਗਾਂ ਨਾਲ । 5. ਰਮਣੰ–ਉਚਾਰਨ ਨਾਲ । 6. ਸੰਸਾਰ ਸਾਗਰ–ਸੰਸਾਰ-ਸਮੁੰਦਰ (ਦੇ ਦੁਖ) । 7. ਨਹ ਬਿਆਪਣਹ–ਨਹੀਂ ਵਿਆਪ ਸਕਦੇ ।

(੧੦) 1.ਗਾਥਾ–ਕਥਾ । 2.ਗੂੜ–ਗੂੜ੍ਹੀ,ਡੂੰਘੀ । 3.ਅਪਾਰੰ–ਅਪਾਰ ਪ੍ਰਭੂ ਦੀ । 4.ਬਿਰਲਾ ਜਨਹ–ਕੋਈ ਵਿਰਲਾ ਪੁਰਸ਼ । 5. ਕਾਮ–ਕਾਮਨਾਂ, ਵਾਸ਼ਨਾਂ । 6. ਸੰਸਾਰ ਕਾਮ–ਸੰਸਾਰਕ ਪਦਾਰਥਾਂ ਦੀਆਂ ਕਾਮਨਾਂ । 7. ਤਜਣੰ–ਛਡਣਾ । 8. ਗੋਬਿੰਦ ਰਮਣੰ–ਗੋਬਿੰਦ ਦੇ ਗੁਣ ਗਾਉਣ ਨਾਲ । 9. ਸਾਧ ਸੰਗਮਹ–ਸਾਧ ਸੰਗਤ ਵਿਚ ।



www.AKJ.Org

ਭਾਵ :—ਸਾਧ ਸੰਗਤ ਵਿਚ ਜੁੜ ਕੇ ਨਾਮ-ਸਿਮਰਨ ਕੀਤਿਆਂ ਤ੍ਰਿਪਤੀ ਹੋ ਜਾਂਦੀ ਹੈ, ਸੰਸਾਰਕ ਕਾਮਨਾਵਾਂ ਮਿਟ ਜਾਂਦੀਆਂ ਹਨ ।

| | |
|---|---|
| **ਸੁਮੰਤ੍ਰ[1] [2]ਸਾਧ ਬਚਨਾ** <br> **[3]ਕੋਟ ਦੋਖ ਬਿਨਾਸਨਹ[4] ॥** <br> **ਹਰਿ ਚਰਣ ਕਮਲ ਧ੍ਯਾਨੰ[5]** <br> **ਨਾਨਕ** <br> **[6]ਕੁਲ ਸਮੂਹ ਉਧਾਰਣਹ ॥੧੧॥** | ਸਾਧੂ ਸਤਿਗੁਰੂ ਦੇ ਬਚਨ ਉਤਮ ਉਪਦੇਸ਼ ਹਨ, ਜਿਨ੍ਹਾਂ (ਦੀ ਕਮਾਈ ਕਰਨ) ਨਾਲ ਕਰੋੜਾਂ ਪਾਪ ਨਾਸ ਹੋ ਜਾਂਦੇ ਹਨ। 'ਨਾਨਕ' ! ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਧਰਨ ਨਾਲ (ਭਾਵ, ਜੁੜ ਕੇ ਪ੍ਰਭੂ ਦਾ ਸਿਮਰਨ ਕਰਨ ਨਾਲ) ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ।੧੧। |

ਭਾਵ:—ਸਤਿਗੁਰੂ ਦੁਆਰਾ ਦ੍ਰਿੜ੍ਹਾਏ ਨਾਮ-ਸਿਮਰਨ ਦੀ ਬਰਕਤ ਨਾਲ ਕਰੋੜਾਂ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ, ਆਪ ਤਰ ਜਾਈਦਾ ਹੈ ਅਤੇ ਕੁਲਾਂ ਦਾ ਭੀ ਉਧਾਰ ਕਰ ਲਈਦਾ ਹੈ ।

| | |
|---|---|
| **ਸੁੰਦਰ[1] ਮੰਦਰ[2] ਸੈਣਹ[3] ॥** <br> **ਜੇਣ ਮਧ੍ਯ ਹਰਿ ਕੀਰਤਨਹ ॥** <br> **ਮੁਕਤੇ ਰਮਣ ਗੋਬਿੰਦਹ ॥** <br> **ਨਾਨਕ** <br> **ਲਬਧ੍ਯੰ ਬਡ ਭਾਗਣਹ ॥੧੨॥** | ਸਾਧੂ-ਸਜਣਾਂ ਦੇ ਘਰ-ਮੰਦਰ ਸੁਹਾਵਣੇ ਹਨ, ਜਿਨ੍ਹਾਂ ਵਿਚ ਪ੍ਰਭੂ ਦਾ ਕੀਰਤਨ ਗਾਇਨ ਕੀਤਾ ਜਾਂਦਾ ਹੈ । 'ਨਾਨਕ' ! ਗੋਬਿੰਦ ਦਾ ਜਸ ਗਾਉਣ ਵਾਲੇ (ਸੰਸਾਰਕ ਕਾਮਨਾਵਾਂ ਤੋਂ ਅਤੇ ਜਨਮ ਮਰਨ ਦੇ ਗੇੜ ਤੋਂ) ਮੁਕਤ ਹੋ ਜਾਂਦੇ ਹਨ। (ਪਰ ਇਹ ਪ੍ਰਭੂ ਦਾ ਜਸ ਗਾਉਣ ਦੀ ਦਾਤਿ) ਵਡੇ ਭਾਗਾਂ ਨਾਲ ਮਿਲਦੀ ਹੈ।੧੨। |

ਭਾਵ :—ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥ (੩੧੯)
ਅਥਵਾ—ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਾਪੀਐ ਨਾਮੁ ॥ (੮੧੬)
ਅਜਿਹੇ ਸਿਫਤ ਸਲਾਹ ਕਰਨ ਵਾਲੇ ਸੰਤ ਸਜਨ ਵਡੇ ਭਾਗਾਂ ਨਾਲ ਮਿਲਦੇ ਹਨ ।

---

(੧੧) ਸੁਮੰਤ੍ਰ—ਸ੍ਰੇਸ਼ਟ ਮੰਤਰ, ਉਤਮ ਉਪਦੇਸ਼ । 2. ਸਾਧ ਬਚਨਾ—ਸਾਧੂ ਸਤਿਗੁਰੂ ਦੇ ਬਚਨ । 3. ਕੋਟਿ ਦੋਖ—ਕਰੋੜਾਂ ਪਾਪ । 4. ਬਿਨਾਸਨਹ—ਨਾਸ ਹੋ ਜਾਂਦੇ ਹਨ । 5. ਧ੍ਯਾਨ—ਧਿਆਨ ਧਰਨ ਨਾਲ । 6. ਕੁਲ ਸਮੂਹ—ਸਾਰੀਆਂ ਕੁਲਾਂ ।

(੧੨) 1. ਸੁੰਦਰ—ਸੋਹਣੇ, ਸੁਹਾਵਣੇ । 2. ਮੰਦਰ—ਘਰ । 3. ਸੈਣਹ—ਸਜਣਾਂ, ਸਾਧੂ ਸਜਣਾਂ ਦੇ । 4. ਜੇਣ ਮਧੁ—ਜਿਨ੍ਹਾਂ ਵਿਚ । 5. ਮੁਕਤੇ--ਮੁਕਤ । 6. ਰਮਣ ਗੋਬਿੰਦਹ—ਗੋਬਿੰਦ ਦਾ ਜਸ ਗਾਉਣ ਵਾਲੇ । 7. ਲਬਧ੍ਯੰ—ਲਭਦਾ ਹੈ । 8. ਬਡ ਭਾਗਣਹ—ਵਡੇ ਭਾਗਾਂ ਨਾਲ ।



www.AKJ.Org

# ਧਰਮੁ ਪੰਥ ਕਰਿ ਉਡਰਿਆ

ਦਿੱਲੀ ਤੋਂ ਭਾਈ ਚਤਰ ਸਿੰਘ ਜੀ ਸੇਵਾਦਾਰ ਸੰਤ ਬਾਬਾ ਹਰਬੰਸ ਸਿੰਘ ਜੀ ਕਾਰ-ਸੇਵਾ ਵਾਲਿਆਂ ਦੇ ਨਾਂ ਹੇਠ, ਬੇਅੰਤ ਸੰਗਤਾਂ ਦੇ ਦਸਖਤਾਂ ਨਾਲ ਇਕ ਖੁਲ੍ਹੀ ਚਿਠੀ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਭੇਜੀ ਗਈ ਹੈ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਹੋਈ ਬੇਅਦਬੀ ਦੀ ਦੁਖਦਾਈ ਘਟਨਾ ਬਾਰੇ ਇਹ ਚਿੱਠੀ ਹੇਠਾਂ ਦਿਤੀ ਜਾ ਰਹੀ ਹੈ। —ਸੰਪਾਦਕ

ਦਿਲੀ ਦੀ ਸਮੂਹ ਸੰਗਤਾਂ ਨੂੰ ਇਹ ਘਟਨਾ ਧਰਮ ਅਸਥਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਦੇਖ ਕੇ ਦੁਖ ਹੋਇਆ ਹੈ ਕਿ ਦੁਪਹਿਰ 3-00 ਵਜੇ, 11 ਅਕਤੂਬਰ 1980 ਨੂੰ ਲਗਪਗ ਢਾਈ-ਤਿੰਨ ਸੌ ਦੀ ਸੰਗਤ ਦੀ ਹਾਜ਼ਰੀ ਵਿਚ ਕੁਛ ਨਿਹੰਗ ਸਿੰਘਾਂ ਦਵਾਰਾ ਤਿੰਨ ਬਕਰੇ ਨਿਸ਼ਾਨ ਸਾਹਿਬ ਦੇ ਕੋਲ ਝਟਕਾਏ ਗਏ ਅਤੇ ਖੂਨ ਨਾਲ ਵਗਦੀਆਂ ਸਿਰੀਆਂ ਚੁਕ ਕੇ ਨਿਸ਼ਾਨ ਸਾਹਿਬ ਦੀ ਪਰਕਰਮਾ ਕਰਾ ਕੇ ਥੜਾ ਸਾਹਿਬ ਉਤੇ ਭੇਟਾ ਕੀਤੀਆਂ ਗਈਆਂ, ਅਤੇ ਬਕਰਿਆਂ ਦੀਆਂ ਖੱਲਾਂ ਉਥੇ ਹੀ ਉਤਾਰ ਕੇ ਦੇਗਾਂ ਵਿਚ ਮਾਸ ਤਿਆਰ ਕੀਤਾ ਗਿਆ।

ਜਿਸ ਵਕਤ ਬਕਰੇ ਝਟਕਾਏ ਗਏ ਉਸ ਵਕਤ ਗੁਰੂ ਕਾ ਲੰਗਰ ਵਰਤਾਇਆ ਜਾ ਰਿਹਾ ਸੀ। ਜਦ ਸੰਗਤਾਂ ਨੇ ਦੇਖਿਆ, ਇਥੇ ਬਕਰੇ ਮਾਰੇ ਜਾ ਰਹੇ ਹਨ, ਬੁਰਾ ਲਗਿਆ ਅਤੇ ਗਲਤ ਕੰਮ ਮਹਿਸੂਸ ਕਰਦਿਆਂ ਹੋਇਆਂ ਲੰਗਰ ਛਕਣਾ ਬੰਦ ਕਰ ਦਿਤਾ ਅਤੇ ਉਠ ਕੇ ਚਲੀਆਂ ਗਈਆਂ। ਨਾਲ ਹੀ ਕਹਿੰਦੇ ਰਹੇ ਇਹ ਬੜੇ ਹੀ ਦੁਖ ਤੇ ਅਫਸੋਸ ਦੀ ਗੱਲ ਹੈ ਕਿ ਗੁਰਦੁਆਰੇ ਵਿਚ ਬਕਰੇ ਮਾਰਨਾ, ਫੇਰ ਇਸ ਪਵਿਤਰ ਗੁਰਦੁਆਰੇ ਵਿਚ ਜਿਸ ਅਸਥਾਨ ਤੇ ਗੁਰੂ ਤੇਗ ਬਹਾਦਰ ਮਹਾਰਾਜ ਦੇ ਸਰੀਰ ਦਾ ਸੰਸਕਾਰ ਕੀਤਾ ਗਿਆ ਹੋਵੇ, ਇਹ ਅਧਰਮ ਅਤੇ ਪਾਪ ਹੈ।

ਜਿਸ ਵਕਤ ਨਿਸ਼ਾਨ ਸਾਹਿਬ ਦੇ ਥੜਾ ਸਾਹਿਬ ਉਤੇ ਸਿਰੀਆਂ ਭੇਟਾ ਕੀਤੀਆਂ ਜਾ ਰਹੀਆਂ ਸਨ ਉਸ ਵਕਤ ਦਸ-ਬਾਰ੍ਹਾਂ ਬੀਬੀਆਂ ਨਿਸ਼ਾਨ ਸਾਹਿਬ ਨੂੰ ਮੱਥਾ ਟੇਕਣ ਲਗੀਆਂ, ਥੜੇ ਉਤੇ ਬਕਰਿਆਂ ਦੀਆਂ ਸਿਰੀਆਂ ਪਈਆਂ ਦੇਖ ਕੇ ਮੱਥਾ ਨਾ ਟੇਕਿਆ ਅਤੇ ਵਾਹਿਗੁਰੂ, ਵਾਹਿਗੁਰੂ ਕਰਦੀਆਂ ਗੁਰਦੁਆਰੇ ਅੰਦਰ ਚਲੀਆਂ ਗਈਆਂ ਅਤੇ ਬਾਅਦ ਵਿਚ ਪਤਾ ਲਗਿਆ ਕਿ ਇਥੇ ਬਕਰੇ ਮਾਰੇ ਗਏ ਹਨ। ਹੋਰ ਵੀ ਬਹੁਤ ਸੰਗਤਾਂ ਨੇ ਕਿਹਾ ਕਿ ਗੁਰਦੁਆਰੇ ਵਿਚ ਬਕਰੇ ਮਾਰਨਾ, ਸਿਰੀਆਂ ਨਿਸ਼ਾਨ ਸਾਹਿਬ ਤੇ ਭੇਟਾ ਕਰਨਾ ਅਤੇ ਬਕਰਿਆਂ ਦੀਆਂ ਖੱਲਾਂ ਉਥੇ ਹੀ ਲਾਹੁਣੀਆਂ ਅਤੇ ਕੋਲ ਹੀ ਮਾਸ ਤਿਆਰ ਕਰਨਾ ਚੰਗੀ ਗੱਲ ਨਹੀਂ ਹੈ, ਇਹ ਮੰਦੀ ਗੱਲ ਹੈ, ਇਹ ਕੰਮ ਗੁਰਦੁਆਰੇ ਵਿਚ ਨਹੀਂ ਹੋਣਾ ਚਾਹੀਦਾ। ਇਹ ਅਧਰਮ ਅਤੇ ਪਾਪ ਹੈ, ਗੁਰਦੁਆਰੇ ਅੰਦਰ ਸ਼ਬਦ ਕੀਰਤਨ ਹੋ ਰਿਹਾ ਹੋਵੇ, ਅਤੇ ਬਾਹਰ ਬਕਰੇ ਮਾਰ ਕੇ ਉਨ੍ਹਾਂ ਦੀਆਂ ਖੱਲਾਂ ਲਾਹੀਆਂ ਜਾ ਰਹੀਆਂ ਹੋਣ, ਇਹ ਕੰਮ ਸ਼ੋਭਾ ਨਹੀਂ ਦੇਂਦਾ। ਇਕ ਪਾਸੇ ਧਰਮ ਰਕਸ਼ਕ ਸਤਿਗੁਰੂ ਮਹਾਰਾਜ ਦਾ ਪਵਿਤਰ ਅਸਥਾਨ ਸੀਸ ਗੰਜ ਸਾਹਿਬ ਦੇ ਥੜਾ-ਸਾਹਿਬ ਨੂੰ ਦੁੱਧ ਨਾਲ ਧੋਤਾ ਜਾਂਦਾ ਹੋਵੇ, ਦੂਜੇ ਪਾਸੇ ਸਤਿਗੁਰੂ ਮਹਾਰਾਜ ਦੇ ਪਵਿਤਰ ਅਸਥਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਥੜਾ-ਸਾਹਿਬ ਉਤੇ ਬਕਰਿਆਂ ਦੀਆਂ ਸਿਰੀਆਂ ਪਈਆਂ ਹੋਈਆਂ ਹੋਣ ਅਤੇ ਥੜਾ ਸਾਹਿਬ ਖੂਨ ਨਾਲ ਲਿਬੜਿਆ ਹੋਵੇ, ਪਰਕਰਮਾ ਖੂਨ ਨਾਲ ਭਰੀ ਹੋਵੇ, ਇਹ ਅਧਰਮ ਅਤੇ ਅਨਰਥ ਹੈ, ਇਹ ਕੰਮ ਬਿਲਕੁਲ ਸ਼ੋਭਾ ਨਹੀਂ ਪਾਂਦਾ।

ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਮਹਾਰਾਜ ਦੇ ਪਵਿਤਰ ਅਸਥਾਨ ਉਤੇ ਸੰਗਤਾਂ ਮੱਥਾ ਟੇਕ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੀਆਂ ਹਨ। ਗੁਰ ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈਧਾਇ॥

ਸੰਗਤਾਂ ਦਾ ਦਾਸ——ਭਾਈ ਚਤਰ ਸਿੰਘ, ਸੇਵਾਦਾਰ, ਸੰਤ ਹਰਬੰਸ ਸਿੰਘ ਜੀ, ਕਾਰ ਸੇਵਾ ਵਾਲੇ

(ਡੇਰਾ ਕਾਰ ਸੇਵਾ ਗੁਰਦੁਆਰਾ ਬੰਗਲਾ ਸਾਹਿਬ)


www.AKJ.org

# ਗੁਰਦੁਆਰਾ ਕਮੇਟੀਆਂ ਤੇ ਗੁਰਸਿਖੀ ਪ੍ਰਚਾਰ

[ਵਲੋਂ—ਸ: ਮਨਮੋਹਨ ਸਿੰਘ ਜੀ ਐਮ. ਐਸ. ਸੀ., ਬਿਊਨਾ ਪਾਰਕ, ਕੈਲੇਫੋਰਨੀਆ, ਯੂ. ਐਸ. ਏ.]

ਗੁਰਦੁਆਰਾ ਲਹਿਰ ਵਿਚ ਗੁਰੂ ਪੰਥ ਵਲੋਂ ਜੋ ਕੁਰਬਾਨੀਆਂ ਹੋਈਆਂ, ਉਨ੍ਹਾਂ ਸਦਕਾ ਜਦੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਤਾਂ ਆਮ ਸਿੱਖ ਜਨਤਾ ਇਹ ਸਮਝਣ ਲਗ ਪਈ ਸੀ ਕਿ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੀ ਚੁਣੀ ਹੋਈ ਪ੍ਰਤੀਨਿਧ ਕਮੇਟੀ ਦੇ ਹੱਥ ਆ ਜਾਣ ਕਰਕੇ ਗੁਰਸਿਖੀ ਪ੍ਰਚਾਰ ਵਧ ਜਾਵੇਗਾ ਤੇ ਗੁਰਸਿਖੀ ਵਧੇ ਫੁਲੇਗੀ। ਅਸਲ ਵਿਚ ਇਸੇ ਮੰਤਵ ਦੀ ਪੂਰਤੀ ਲਈ ਉਹ ਅਸਹਿ ਘਾਲਣਾਂ ਗੁਰਸਿਖ ਵੀਰਾਂ ਤੇ ਭੈਣਾਂ ਨੇ ਘਾਲੀਆਂ, ਜਿਨ੍ਹਾਂ ਦਾ ਇਸ਼ਾਰੇ ਮਾਤ੍ਰ ਜ਼ਿਕਰ ਆਮ ਪ੍ਰਚਲਤ ਅਰਦਾਸ ਵਿਚ ਸੁਣ ਕੇ ਹੀ ਮਨ ਦ੍ਰਵ ਜਾਂਦਾ ਹੈ। ਪਰ ਉਦੋਂ ਵੀ ਦਿਬ-ਦ੍ਰਿਸ਼ਟੀ ਵਾਲੇ ਨਾਮ ਰਸੀਏ ਮਹਾਨ ਵਿਅਕਤੀਆਂ ਨੇ ਅਸਲੀਅਤ ਨੂੰ ਦੇਖ ਲਿਆ ਸੀ ਅਤੇ ਇਹ ਅਨਭਵ ਕਰ ਲਿਆ ਸੀ ਕਿ ਇਹ ਵੋਟਾਂ ਨਾਲ ਚੁਣੀਆਂ ਕਮੇਟੀਆਂ ਪੰਥ ਦਾ ਕੁਝ ਸਵਾਰਨ ਦੀ ਥਾਂ ਵਿਗਾੜਨ ਦਾ ਸਾਧਨ ਹੀ ਬਣਨਗੀਆਂ। ਐਸੀ ਹੀ ਇਕ ਮਹਾਨ ਵਿਅਕਤੀ ਸਨ ਸੰਤ ਸਰੂਪ ਭਾਈ ਅਤਰ ਸਿੰਘ ਜੀ ਮਸਤੂਆਣੇ ਵਾਲੇ। ਜਦੋਂ ਸ਼ਰੋਮਣੀ ਕਮੇਟੀ ਦੇ ਬਣਨ ਦੀ ਖਬਰ ਇਨ੍ਹਾਂ ਨੂੰ ਪੁੱਜੀ ਤਾਂ ਸੁਤੇ-ਸਿਧ ਹੀ ਉਨ੍ਹਾਂ ਨੇ ਇਹ ਬਚਨ ਕੀਤਾ "ਕਮੇਟੀ ਤਾਂ ਬਣ ਗਈ ਹੈ, ਪਰ ਜੇ ਖਾਲਸਾ ਪੂਜਾ ਦਾ ਧਾਨ ਖਾਣ ਲੱਗ ਪਿਆ ਤਾਂ ਪੰਥ ਕਮਜ਼ੋਰ ਹੋ ਜਾਏਗਾ।" ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਅਗਲੇ ਦਿਨ ਜੋ ਸ਼ਹੀਦੀ ਦੀਵਾਨ ਉਥੇ ਸਜਿਆ, ਉਸ ਲਈ ਇਸ ਮਹਾਨ ਵਿਅਕਤੀ ਨੇ ਇਹ ਸੁਨੇਹਾ ਘਲਿਆ:—

> "ਸਤਿਗੁਰੂ ਦੀ ਰਜ਼ਾ ਵਿਚ ਅਕਾਲ ਤਖਤ ਤੇ ਨਨਕਾਣਾ ਸਾਹਿਬ ਪੰਥ ਦੇ ਕਬਜ਼ੇ ਵਿਚ ਆ ਗਏ ਹਨ। ਹੁਣ ਖਾਲਸਾ ਜੀ! ਇਸ ਅਤੁੱਟ ਖਜ਼ਾਨੇ ਨਾਲ ਅੰਮ੍ਰਿਤ ਪ੍ਰਚਾਰ ਤੇ ਜ਼ੋਰ ਦੇਵੇ, ਘਰ ਘਰ ਪਿੰਡ ਪਿੰਡ ਸਤਿਗੁਰੂ ਕਲਗੀਆਂ ਵਾਲੇ ਦੇ ਬਾਟੇ ਦਾ ਦੌਰ ਚਲੇ ਅਤੇ ਪੰਥ ਦੀ ਜਥੇਬੰਦੀ ਇਕ ਸ਼ਾਨਦਾਰ ਲੜੀ ਵਿਚ ਪ੍ਰੋਤੀ ਜਾਵੇ। ਬਾਕੀ ਗੁਰਦੁਆਰਿਆਂ ਤੇ ਪੰਥ ਕਬਜ਼ਾ ਨਾ ਕਰੇ। ਅਕਾਲੀ ਫੂਲਾ ਸਿੰਘ ਜੀ ਵਾਂਗੂੰ ਮਹੰਤਾਂ ਨੂੰ ਆਪਣੇ ਧਮ੍ਹੇ ਹੇਠਾਂ ਰਖੋ। ਮਾਰੇ ਨਾਲੋਂ ਪਿਦਾਇਆ ਚੰਗਾ ਹੁੰਦਾ ਹੈ। ਏਸ ਜੁਗਤ ਨਾਲ ਸਾਰਾ ਪ੍ਰਬੰਧ ਵੀ ਖਾਲਸਾ ਜੀ ਦੀ ਮਰਜ਼ੀ ਨਾਲ ਹੋਵੇਗਾ ਤੇ ਪੰਥ ਪੂਜਾ ਦੇ ਧਾਨ ਦੇ ਜ਼ਹਿਰ ਤੋਂ ਵੀ ਬਚਿਆ ਰਹੇਗਾ।"

ਸਚਮੁਚ ਹੀ ਗੁਰਮੁਖ ਪਿਆਰਿਆਂ ਦੀ ਜ਼ਬਾਨ ਤੋਂ ਨਿਕਲੇ ਉਪਰ ਲਿਖੇ ਵਾਕ ਭਵਿਸ਼-ਬਾਣੀ ਦਾ ਰੂਪ ਧਾਰਨ ਕਰ ਚੁਕੇ ਹਨ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਥਵਾ ਸ਼ਰੋਮਣੀ ਅਕਾਲੀ ਦਲ ਆਦਿ ਪੰਥਕ ਜਥੇਬੰਦੀਆਂ ਦੇ ਬਣਨ ਪਿਛੋਂ ਹੌਲੀ ਹੌਲੀ ਉਹ ਸਾਰੇ ਘਾਟੇ ਪੰਥ ਵਿਚ ਆ ਗਏ ਹਨ ਜਿਨ੍ਹਾਂ ਸੰਬੰਧੀ ਤਾੜਨਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਨੇ ਕੀਤੀ। ਪੰਥ ਦੀਆਂ ਸਾਰੀਆਂ ਹੀ ਮੁਖੀ ਜਥੇਬੰਦੀਆਂ ਨੇ ਨਾ ਕੇਵਲ ਗੁਰਸਿਖੀ ਦੇ ਮੁਢਲੇ ਅਸੂਲਾਂ ਨੂੰ ਹੀ ਨਜ਼ਰ ਅੰਦਾਜ਼ ਕੀਤਾ ਬਲਕਿ ਇਸ ਤੋਂ ਵਧ, ਗੁਰਦੁਆਰਿਆਂ ਵਿਚ ਇਕੱਤ੍ਰ ਪੂਜਾ ਦੇ ਧਾਨ ਰੂਪੀ ਕੱਚੇ ਪਾਰੇ ਨੂੰ ਖਾ ਕੇ ਗੁਰਸਿਖੀ ਸੱਤਾ ਤੇ ਸ਼ਕਤੀ ਤੋਂ ਵਾਜੀਆਂ ਹੋ ਰਹੀਆਂ ਹਨ। ਮਾਨੋ ਗੁਰਮਤਿ ਦਾ ਗਾਡੀ ਰਾਹ ਦੁਰੇਡਾ ਰਹਿ ਗਿਆ ਹੈ ਤੇ "ਖਾਓ, ਪੀਓ ਤੇ ਐਸ਼ ਕਰੋ" ਦਾ ਕੁਰਾਹ ਨੇੜੇ ਹੋ ਗਿਆ ਹੈ। ਅਸਲ ਵਿਚ ਵੋਟਾਂ ਨਾਲ ਪ੍ਰਤੀਨਿਧ ਚੁਣਨ ਦੀ ਮਰਯਾਦਾ ਗੁਰਸਿਖੀ ਮੰਡਲ ਵਿਚ ਸਫਲ ਹੋ ਹੀ ਨਹੀਂ ਸਕਦੀ। ਗੁਰਸਿਖੀ ਦਾ ਮੁਖ ਉਦੇਸ਼ ਤੇ ਧ੍ਰੁਵਾ ਨਾਮ ਦੇ ਰਾਹੀਂ ਨਾਮੀ ਅਕਾਲ-ਪੁਰਖ ਨਾਲ ਅਭੇਦ ਹੋਣਾ ਹੈ। ਇਸ ਮਹਾਨ ਮਾਰਗ ਤੇ ਕੋਈ ਵਿਰਲੇ ਹੀ ਚਲ ਸਕਦੇ ਹਨ ਤੇ ਵਿਰਲਿਆਂ ਨੂੰ ਹੀ ਇਸਦੀ ਸੋਝੀ ਹੋ ਸਕਦੀ ਹੈ। ਗੁਰਵਾਕ :— ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ (੧੪੧੧)

ਇਸ ਮਹਾਨ ਉੱਚੇ ਸੁੱਚੇ ਸੁਮਾਰਗ ਲਈ, ਰਹਿਤ-ਰਹਿਣੀ ਜਿਹੇ ਜ਼ਰੂਰੀ ਮਸਲਿਆਂ ਸੰਬੰਧੀ ਤੇ



www.AKJ.Org

ਗੁਰਸਿਖੀ ਦੀ ਸੱਚੀ ਸੋਝੀ ਲਈ 'ਫੈਲ ਫਕੜ ਸੰਸਾਰ' ਦੀ ਬਹੁ-ਗਿਣਤੀ ਕਿਵੇਂ ਸਹਾਈ ਹੋ ਸਕਦੀ ਹੈ ! ਇਹ ਕਾਰਜ ਤਾਂ ਗੁਰੂ ਸਵਾਰੇ ਨਾਮ ਰਸੀਏ ਗੁਰਮਤਿ ਤੋਂ ਘੋਲ ਘੁਮਾਈ ਹੋਣ ਵਾਲੇ ਵਿਰਲੇ ਗੁਰਸਿਖ ਹੀ ਕਰ ਸਕਦੇ ਹਨ। ਆਮ 'ਫੈਲ ਫਕੜ ਸੰਸਾਰ, ਨੂੰ ਤਾਂ ਏਨੀ ਸੋਝੀ ਹੀ ਨਹੀਂ ਹੋ ਸਕਦੀ। ਇਹੋ ਕਾਰਨ ਹੈ ਕਿ ਸਾਡੀਆਂ ਵੋਟਾਂ ਨਾਲ ਚੁਣੀਆਂ ਹੋਈਆਂ ਪੰਥਕ ਮੁਖ ਸੰਸਥਾਵਾਂ ਦੇ ਹੋਂਦ ਵਿਚ ਆਉਣ ਤੋਂ ਪਿਛੋਂ ਗੁਰਮਤਿ ਅਸੂਲਾਂ ਵਿਚ ਐਸੀਆਂ ਤਬਦੀਲੀਆਂ ਕਰ ਦਿਤੀਆਂ ਗਈਆਂ ਹਨ ਜਿਨ੍ਹਾਂ ਦਾ ਸਦਕਾ ਸਿਖ ਰਹਿਤ ਮਰਯਾਦਾ ਦੀ ਰੂਪ-ਰੇਖ਼ਾ ਹੀ ਵਿਗਾੜ ਕੇ ਰਖ ਦਿੱਤੀ ਗਈ ਹੈ ਅਤੇ ਸਮੁਚਾ ਪੰਥ ਜਿਸ ਢਹਿੰਦੀ ਕਲਾ ਵਿਚ ਜਾ ਰਿਹਾ ਹੈ ਉਹ ਕਿਸੇ ਬਿਆਨ ਦਾ ਮੁਹਤਾਜ਼ ਨਹੀਂ। ਪੰਥਕ ਦੁਰਦਸ਼ਾ ਦੇਖ ਕੇ ਪੰਥ-ਦੋਖੀ ਖੁਸ਼ ਹੋ ਰਹੇ ਹਨ ਅਤੇ ਪੰਥ-ਦਰਦੀ ਦੁਖ ਦੇ ਹੰਝੂ ਵਹਾ ਰਹੇ ਹਨ।

ਆਓ ਜ਼ਰਾ ਸੋਚੀਏ ਤੇ ਦੇਖੀਏ ਕਿ ਇਨ੍ਹਾਂ ਕਮੇਟੀਆਂ ਦੇ ਵਜੂਦ ਵਿੱਚ ਆਉਣ ਪਿਛੋਂ ਪੰਥ ਦੇ ਮੁਢਲੇ ਸਿਧਾਂਤ ਕਿਸ ਤਰ੍ਹਾਂ ਤਰੋੜੇ ਮਰੋੜੇ ਗਏ ਹਨ, ਜਿਸ ਕਾਰਨ ਪੰਥ ਇਸ ਹਾਸੋਹੀਣੀ ਦੁਰਦਸ਼ਾ ਵਿਚੋਂ ਲੰਘ ਰਿਹਾ ਹੈ:-

(ੳ) ਸਿਖੀ ਦਾ ਮੂਲ ਹੈ 'ਖੰਡੇ ਦੀ ਪਾਹੁਲ' ਛਕਣਾ। ਅਜ ਕਲ ਸਿਖੀ ਧਾਰਨ ਕਰਨ ਲਈ ਕੇਵਲ ਇਕੋ ਹੀ ਮਰਯਾਦਾ ਹੈ 'ਖੰਡੇ ਦੀ ਪਾਹੁਲ' ਤਥਾ 'ਅੰਮ੍ਰਿਤ ਛਕਣਾ'। ਇਹ ਹੈ ਗੁਰਸਿਖੀ ਦਾ ਮੁੱਢ। ਹਰ ਕੋਈ ਜਾਣਦਾ ਹੈ ਕਿ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਲਈ ਪੰਜਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ :-ਜਪੁ, ਜਾਪੁ, ਸੁਧਾ ਸ੍ਵਯੇ, ਬੇਨਤੀ ਚੌਪਈ ਤੇ ਅਨੰਦ ਸਾਹਿਬ। ਪੰਜੇ ਬਾਣੀਆਂ ਦਾ ਸੰਪੂਰਨ ਪਾਠ ਕਰਨ ਦੀ ਮਰਯਾਦਾ ਦਸਮੇਸ਼ ਪਿਤਾ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ। ਪਰ ਬਾਣੀ ਪੜ੍ਹਦਿਆਂ ਛੇਤੀ ਅੱਕ ਜਾਣ ਵਾਲੇ ਸਾਡੇ ਪ੍ਰਤੀਨਿਧਾਂ ਨੇ ਅਨੰਦ ਸਾਹਿਬ ਪੂਰਾ ਪਾਠ ਕਰਨ ਦੀ ਪਾਵਨ ਮਰਯਾਦਾ ਨੂੰ ਭੰਗ ਕਰਕੇ ਕੇਵਲ ਪਹਿਲੀਆਂ ਪੰਜ ਪਉੜੀਆਂ 'ਤੇ ਅਖੀਰਲੀ ਪਉੜੀ ਦਾ ਪਾਠ ਕਰਨ ਦੀ ਮਰਯਾਦਾ ਬਣਾ ਲਈ ਤੇ ਇਨ੍ਹਾਂ 'ਛੇ' ਪਾਉੜੀਆਂ ਨੂੰ 'ਛੋਟਾ ਅਨੰਦ ਸਾਹਿਬ' ਨਾਮ ਦੇ ਦਿੱਤਾ। ਛੋਟਾ ਅਨੰਦ ਸਾਹਿਬ ਤਾਂ ਕੋਈ ਬਾਣੀ ਹੈ ਹੀ ਨਹੀਂ, ਕੇਵਲ ਸੁਖ-ਰਹਿਣੀ ਕਾਰਨ ਤੇ ਸਮੇਂ ਦੀ ਬਚਤ ਲਈ ਇਸ ਪਾਵਨ ਮੂਲ ਮਰਯਾਦਾ ਨੂੰ ਭੰਗ ਕਰ ਕੇ ਪਾਵਨ 'ਅੰਮ੍ਰਿਤ' ਵਿਚ ਜੋ ਅਗੰਮੀ ਕਲਾ ਪੈਦਾ ਹੋਣੀ ਸੀ, ਉਸ ਵਿਚ ਵਿਘਨ ਪੈ ਗਿਆ।

"ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ" ॥੧੫੮॥ (੧੩੭੨)

ਜੇ ਸਿਖ ਆਪਣੀ ਮਨ ਦੀ ਮਤ ਦੇ ਮਗਰ ਲਗ ਕੇ ਮੂਲ ਮਰਯਾਦਾ ਭੰਗ ਕਰਦੇ ਹਨ ਤਾਂ 'ਅੰਮ੍ਰਿਤ' ਵਿੱਚ ਅੰਮ੍ਰਿਤ ਕਲਾ ਕਿਵੇਂ ਵਰਤੇ ? ਇਸੇ ਪਾਵਨ ਅੰਮ੍ਰਿਤ ਛਕਾ ਕੇ ਦਸਮੇਸ਼ ਜੀ ਨੇ ਸਾਨੂੰ ਗਿਦੜੋਂ ਸ਼ੇਰ ਬਣਾਇਆ ਸੀ ਤੇ ਹੁਣ ਇਹੋ ਅੰਮ੍ਰਿਤ ਨੂੰ ਛਕ ਕੇ ਉਹ ਕਲਾ ਕਿਉਂ ਨਹੀਂ ਵਰਤਦੀ ? ਇਸ ਦਾ ਉਤਰ ਸਿਰਫ ਇਸ ਪਾਵਨ ਮਰਯਾਦਾ ਨੂੰ ਆਪਣੀ ਮੱਤ ਅਨੁਸਾਰ ਭੰਗ ਕਰਨ ਵਿਚ ਹੈ।

(ਅ) 'ਅੰਮ੍ਰਿਤ ਸਿੰਚਾਰ' ਵਿਚ ਸ਼ਾਮਲ ਹੋਣ ਲਈ ਪੰਜਾਂ ਪਿਆਰਿਆਂ ਵਿਚ ਕੇਵਲ ਉਨ੍ਹਾਂ ਨਾਮ-ਰਸੀਆਂ ਗੁਰਸਿਖਾਂ ਨੂੰ ਸ਼ਾਮਲ ਕੀਤਾ ਜਾਂਦਾ ਸੀ ਜੋ ਆਪ, ਘਟੋ ਘਟ ਅੰਮ੍ਰਿਤ ਛਕਣ ਸਮੇਂ ਰਹਿਤਾਂ ਕੁਰਹਿਤਾਂ ਅਤੇ ਨਿਤਨੇਮ ਸੰਬੰਧੀ ਮਿਲੇ ਹੁਕਮਾਂ ਤੇ ਸਖ਼ਤੀ ਨਾਲ ਚਲਦੇ ਹੋਣ। ਅੱਜ ਕਲ੍ਹ ਕੀ ਹੁੰਦਾ ਹੈ ? ਅੰਮ੍ਰਿਤ ਪ੍ਰਚਾਰ ਲਈ ਗੁਰਦੁਆਰਾ ਕਮੇਟੀ ਦੇ ਤਨਖਾਹਦਾਰ ਸੇਵਾਦਾਰਾਂ ਨੂੰ ਇਸ ਜ਼ਿਮੇਵਾਰੀ ਨੂੰ ਨਿਬਾਹੁਣ ਲਈ ਨੀਯਤ ਕੀਤਾ ਜਾਂਦਾ ਹੈ, ਭਾਵੇਂ ਉਹ ਇਸ ਸੇਵਾ ਦੇ ਯੋਗ ਹੋਣ ਜਾ ਨਾ ਹੋਣ। ਉਹ ਇਨਕਾਰ ਤਾਂ ਕਰ ਹੀ ਨਹੀਂ ਸਕਦੇ, ਕਿਉਂਕਿ ਉਨ੍ਹਾਂ ਨੇ ਨੌਕਰੀ ਕਰਨੀ ਹੈ, ਤੇ ਜੋ ਹੁਕਮ ਪ੍ਰਬੰਧਕਾਂ ਵਲੋਂ ਮਿਲਦਾ ਹੈ ਉਸ ਨੂੰ ਨਿਬਾਹੁਣਾ ਉਨ੍ਹਾਂ ਦੀ ਡੀਊਟੀ ਹੈ।

(ੲ) 'ਅੰਮ੍ਰਿਤ' ਦਾ ਪਾਵਨ ਬਾਟਾ ਤਿਆਰ ਕਰਨ ਦੀ ਗੁਪਤ ਰਮਜ਼ ਨੂੰ ਨਾ ਸਮਝਣ ਕਰਕੇ, ਅੰਮ੍ਰਿਤ


www.AKJ.Org

ਤਿਆਰ ਕਰਨ ਵਾਲੇ ਕਈ ਵਾਰੀ ਗੁਟਕੇ ਤੋਂ ਪਾਠ ਕਰਦੇ ਦੇਖੇ ਗਏ ਹਨ। ਹਾਲਾਂਕਿ ਪਾਠ ਕਰਨ ਲਗਿਆਂ ਪਾਠੀ ਵੀਰ ਦੀ ਨਜ਼ਰ ਅੰਮ੍ਰਿਤ-ਜਲ ਵਿਚ ਹੋਣੀ ਜ਼ਰੂਰੀ ਹੈ। ਉਸ ਦ੍ਰਿਸ਼ਟੀ ਰਾਹੀਂ ਉਸ ਪਿਆਰੇ ਨੇ ਬਾਣੀ ਦੀ ਕਲਾ ਤੇ ਆਪਣੇ ਨਾਮ-ਰਸੀਏ ਜੀਵਨ ਦੀ ਕਲਾ ਉਸ ਜਲ ਵਿਚ ਪਰਵੇਸ਼ ਕਰਨੀ ਹੈ। ਇਸ ਲਈ ਅੰਮ੍ਰਿਤ ਤਿਆਰ ਕਰਨ ਲਈ ਪੰਜਾਂ ਬਾਣੀਆਂ ਦਾ ਕੰਠਾਗਰ ਪਾਠ ਹੋਣਾ ਜ਼ਰੂਰੀ ਹੈ, ਤਾਂ ਜੁ ਪਾਠ ਕਰਨਹਾਰਾ ਵੀਰ ਆਪਣੇ ਨੇਤਰਾਂ ਨੂੰ ਜਲ ਤੇ ਗਡ ਕੇ ਨਾਮ-ਬਾਣੀ ਕਲਾ ਦਾ ਪ੍ਰਵੇਸ਼ ਜਲ ਵਿਚ ਕਰ ਸਕੇ ਤੇ ਉਹ ਜਲ ਸ਼ਕਤੀ ਗ੍ਰਹਿਣ ਕਰਕੇ ਅੰਮ੍ਰਿਤ ਦਾ ਰੂਪ ਧਾਰਨ ਕਰ ਲਵੇ।

(ਸ) ਦਸਮੇਸ਼ ਪਿਤਾ ਜੀ ਦੇ ਸਮੇਂ ਤੋਂ ਸੀਨਾ-ਬ-ਸੀਨਾ ਇਹ ਮਰਯਾਦਾ ਵੀ ਚਲੀ ਆ ਰਹੀ ਹੈ ਕਿ ਜੋ ਪੰਜ ਬਾਣੀਆਂ 'ਅੰਮ੍ਰਿਤ' ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਹਨ ਉਹ ਅੰਮ੍ਰਿਤ ਵੇਲੇ ਦਾ ਨਿਤ-ਨੇਮ ਹਨ ਤੇ ਤੱਤ ਗੁਰਮਤਿ ਪ੍ਰੇਮੀ ਇਨ੍ਹਾਂ ਪੰਜਾਂ ਬਾਣੀਆਂ ਦਾ ਅੰਮ੍ਰਿਤ ਵੇਲੇ ਨਿਤਨੇਮ ਨਿਬਾਹੁਣਾ ਜ਼ਰੂਰੀ ਸਮਝਦੇ ਹਨ। ਇਸ ਤੋਂ ਉਪਰੰਤ ਸ਼ਾਮ ਨੂੰ ਸੋਦਰ ਰਹਿਰਾਸ ਸਾਹਿਬ ਤੇ ਸੌਣ ਤੋਂ ਪਹਿਲਾਂ ਕੀਰਤਨ-ਸੋਹਿਲੇ ਦਾ ਪਾਠ। ਪਰ ਸਾਡੇ ਸੁਖ-ਰਹਿਣੇ ਵਿਦਵਾਨਾਂ ਤੇ ਵੋਟਾਂ ਦੇ ਜ਼ੋਰ ਬਣੇ ਪ੍ਰਤੀਨਿਧਾਂ ਨੇ ਸਵੇਰ,ਸ਼ਾਮ ਤੇ ਸੌਣ ਸਮੇਂ ਦੀਆਂ ਰਲਾ ਕੇ ਪੰਜ ਬਾਣੀਆਂ ਕਰ ਲਈਆਂ ਹਨ ਅਤੇ ਇਉਂ ਛੋਟ ਲੈਣ ਦਾ ਰਾਹ ਕਢ ਲਿਆ ਹੈ। ਗੁਰਮਤਿ ਮਰਯਾਦਾ ਤੇ ਇਹ ਇਕ ਮੁਢਲੀ ਕਾਰੀ ਸੱਟ ਹੈ।

(ਹ) ਹੁਣੇ ਪਿਛੇ ਜਿਹੇ ਇਨ੍ਹਾਂ ਭਲੇ ਪੁਰਸ਼ਾਂ ਨੇ ਇਕ ਹੋਰ ਪੰਥ-ਘਾਤਕ ਕਦਮ ਚੁਕ ਕੇ ਗੁਰਸਿਖੀ ਦੇ ਮੂਲ ਸੋਮੇ ਤੇ ਹਮਲਾ ਕੀਤਾ ਹੈ—ਉਹ ਹੈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਰੂਪ ਵਿਚ ਛਪਵਾਈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦੇ ਅਧਾਰ ਤੇ ਹੀ ਗੁਰਸਿਖੀ ਨੇ ਪ੍ਰਫੁੱਲਤ ਹੋਣਾ ਹੈ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੀ ਗੁਰ-ਸ਼ਕਤੀ ਨਾਲ ਹੀ ਪੰਥ ਦੀ ਚੜ੍ਹਦੀ ਕਲਾ ਕਰਨੀ ਹੈ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਰੂਪ ਵਿਚ ਅਸੀਂ ਆਪਣੀ ਮਨਮੱਤ ਘੁਸੇੜ ਦੇਈਏ ਤਾਂ ਗੁਰੂ-ਕਲਾ ਵਿਚ ਪ੍ਰੀਵਰਤਨ ਹੋਣਾ ਜ਼ਰੂਰੀ ਹੈ। ਕੋਈ ਵੀ ਵੱਡੇ ਤੋਂ ਵੱਡਾ ਵਿਦਵਾਨ ਛਾਤੀ ਠੋਕ ਕੇ ਕਹਿ ਨਹੀਂ ਸਕਦਾ ਕਿ ਗੁਰਬਾਣੀ ਦਾ ਕਿਹੜਾ ਪਾਠ ਸ਼ੁਧ ਹੈ। ਇਹ ਧੁਰ ਕੀ ਬਾਣੀ ਹੈ ਤੇ ਧੁਰੋਂ ਹੀ ਉਤਰੀ ਹੈ। ਇਸ ਦੇ ਪਾਠ ਦੀ ਸ਼ੁਧਤਾ ਕੇਵਲ ਸਤਿਗੁਰੂ ਹੀ ਜਾਣਦਾ ਹੈ।

ਵੱਡੇ ਵੱਡੇ ਵਿਦਵਾਨਾਂ ਦੀਆਂ ਖੋਜਾਂ ਦੇ ਉਪਰੰਤ ਵੀ ਅਜੇ ਤੱਕ ਸਾਰੇ ਵਿਦਵਾਨ ਕਈ ਪਦ-ਛੇਦਾਂ ਤੇ ਇਕ-ਰਾਏ ਨਹੀਂ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਦ-ਛੇਦ ਰੂਪ ਵਿਚ ਛਾਪਣ ਦਾ ਭਾਵ ਹੈ ਕਿ ਜੋ ਕੁਝ ਉਨ੍ਹਾਂ ਕੀਤਾ ਹੈ, ਕੇਵਲ ਉਹੀ ਪਦ-ਛੇਦ ਸ਼ੁਧ ਤੇ ਪ੍ਰਵਾਨ ਹੈ। ਇਹ ਤਾਂ ਹੋ ਹੀ ਨਹੀਂ ਸਕਦਾ। ਇਹ ਸਭ ਕੁਝ ਕਿਉਂ ਕੀਤਾ ਗਿਆ ਹੈ ? ਇਸ ਲਈ ਕਿ ਆਮ ਸਿਖਾਂ ਲਈ ਲੜੀਦਾਰ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰਨਾ ਮੁਸ਼ਕਲ ਹੈ। ਉਨ੍ਹਾਂ ਦੀ ਇਸ ਮੁਸ਼ਕਲ ਨੂੰ ਮੁੱਖ ਰਖਦਿਆਂ ਪ੍ਰਾਈਵੇਟ ਛਾਪੇ-ਖਾਨਿਆਂ ਨੇ ਪਦ-ਛੇਦ ਰੂਪ ਛਾਪ ਦਿੱਤੇ। ਇਸ ਨਾਲ ਸ਼ਰੋਮਣੀ ਕਮੇਟੀ ਦੇ ਛਾਪੇ ਹੋਏ ਅਖੰਡ ਸਰੂਪਾਂ ਦੀ ਮੰਗ ਘਟ ਗਈ, ਜਿਸ ਕਰਕੇ ਸ਼ਰੋਮਣੀ ਕਮੇਟੀ ਨੂੰ ਪਦ-ਛੇਦ ਸਰੂਪ ਛਾਪਣ ਲਈ ਮਜਬੂਰ ਹੋਣਾ ਪਿਆ। ਇਸਦਾ ਭਾਵ ਇਹ ਹੈ ਕਿ ਸ਼ਰੋਮਣੀ ਕਮੇਟੀ ਨੇ ਵੀ ਭੇਡ-ਚਾਲ ਦੇ ਅਨੁਸਾਰੀ ਹੋ ਕੇ ਸਿਖ ਪੰਥ ਦੇ ਇਸ ਮੁਢਲੇ ਆਸਰੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਗੁਰੱਤਾ ਤੇ ਗੁਰ-ਕਲਾ ਵਿਚ ਵਿਘਨ ਪਾਉਣ ਤੋਂ ਸੰਕੋਚ ਨਹੀਂ ਕੀਤਾ।

ਵੋਟਾਂ ਦੀ ਬਹੁ-ਗਿਣਤੀ ਨਾਲ ਚੁਣੀ ਹੋਈ ਇਸ ਕਮੇਟੀ ਅਤੇ ਕਹਾਉਤੀ ਵਿਦਵਾਨਾਂ ਦੇ ਕਾਰਨਾਮਿਆਂ ਦੀਆਂ ਇਹ ਕੁਝ ਕੁ ਮੋਟੀਆਂ ਮੋਟੀਆਂ ਮਿਸਾਲਾਂ ਹੀ ਹਨ।

ਗੁਰਦੁਆਰਾ ਲਹਿਰ ਵਿਚ ਦਿਤੀਆਂ ਕੁਰਬਾਨੀਆਂ ਸਦਕਾ ਅਸਾਂ ਗੁਰ-ਅਸਥਾਨਾਂ ਵਿਚੋਂ ਮਹੰਤ ਤਾਂ ਕਢ ਦਿਤੇ ਹਨ, ਪਰ ਹੁਣ ਆਪਣੀ ਪੀੜ੍ਹੀ ਹੇਠ ਸੋਟਾ ਮਾਰ ਕੇ ਵੇਖੀਏ ਕਿ ਕੀ ਗੁਰਦੁਆਰਾ ਪਰਬੰਧ



www.AKJ.Org

ਆਪਣੇ ਹੱਥਾਂ ਵਿਚ ਲੈ ਕੇ ਅਸੀਂ ਵੀ ਉਨ੍ਹਾਂ ਦੇ ਨਕਸ਼ੇ-ਕਦਮਾਂ ਤੇ ਤਾਂ ਨਹੀਂ ਚਲ ਰਹੇ ? ਕੀ ਅਸੀਂ ਜਾਇਜ਼ ਨਜਾਇਜ਼ ਢੰਗਾਂ ਨਾਲ ਆਪਣੇ ਸੰਬੰਧੀਆਂ, ਪਿਛ-ਲਗੂਆਂ ਅਤੇ ਨਿਜੀ ਹਿੱਤਾਂ ਲਈ ਗੁਰੂ ਕੀ ਗੋਲਕ ਨੂੰ ਤਾਂ ਨਹੀਂ ਵਰਤ ਰਹੇ ? ਗੁਰੂ ਕੀ ਗੋਲਕ ਦੀ ਮਾਇਆ ਕੱਚਾ ਪਾਰਾ ਹੈ। ਇਹ ਜਿਸ ਦੇ ਹੱਡਾਂ ਵਿਚ ਪੈ ਗਿਆ, ਉਸ ਦੀ ਮੱਤ ਕਾਇਮ ਨਹੀਂ ਰਹਿ ਸਕਦੀ। ਫਿਰ ਗੁਰਮਤਿ ਅਪਣਾਉਣ ਅਥਵਾ ਗੁਰਮਤਿ ਪ੍ਰਚਾਰਨ ਦਾ ਖ਼ਿਆਲ ਉਤਪੰਨ ਹੀ ਨਹੀਂ ਹੋ ਸਕਦਾ।

ਸਾਡੇ ਅਖਾਉਤੀ ਵਿਦਵਾਨ ਆਪਣੀ ਵਿਦਵਤਾ, ਕਲਮ ਤੇ ਜ਼ਬਾਨ-ਦਾਨੀ ਦੇ ਅਧਾਰ ਤੇ ਗੁਰਮਤਿ ਅਸੂਲਾਂ ਨੂੰ ਆਪਣੀ ਮਨ ਦੀ ਮਤਿ ਅਨੁਸਾਰ ਪੇਸ਼ ਕਰ ਰਹੇ ਹਨ, ਜਿਸ ਨਾਲ ਅਸੀਂ ਅਮਲੀ ਜੀਵਨ ਤੋਂ ਦੁਰਾਡੇ ਜਾ ਰਹੇ ਹਾਂ।

ਲੋੜ ਹੈ ਕਿ ਪੰਥ-ਹਿਤੈਸ਼ੀ ਸਜਣ ਜਾਗਰਤ ਵਿਚ ਆਉਣ, ਕੋਈ ਨਿੱਗਰ ਉਦਮ ਕਰਨ ਤੇ ਪੰਥ ਨੂੰ ਅੰਦਰੋਂ ਹੀ ਜੋ ਸਿਉਂਕ ਖਾ ਰਹੀ ਹੈ, ਉਸਦਾ ਇਲਾਜ ਕਰ ਕੇ, ਪੰਥ ਦੀ ਨਿਘਰਦੀ ਕਲਾ ਵਿਚ ਰੋਕ ਪਾਉਣ। ਇਹ ਅਤਿ ਕਠਨ ਕਾਰਜ ਹੈ, ਔਕੜਾਂ ਬਹੁਤ ਹਨ, ਪਰ ਖਾਲਸਾ ਕਦੇ ਕਿਸੇ ਔਕੜ ਤੋਂ ਨਹੀਂ ਡਰਦਾ ਹੁੰਦਾ। ਸੋ ਹਰ ਗੁਰਮਤਿ-ਪ੍ਰੇਮੀ ਆਪਣੇ ਵਿਤ ਅਨੁਸਾਰ ਜੋ ਸੇਵਾ ਕਰ ਸਕਦਾ ਹੈ, ਇਸ ਮਹਾਨ ਕਾਰਜ ਲਈ ਕਰੇ :

ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈਂ ।੧੧੧।

ਸਤਿਗੁਰੂ ਜੀ ਆਪ ਸਹਾਈ ਹੋਣਗੇ। [ਭਾਈ ਗੁਰਦਾਸ ਜੀ, ਕਬਿਤ

---

# ਦਸਮੇਸ਼ ਪਿਤਾ ਜੀ

[ਸ: ਪਰਮਜੀਤ ਸਿੰਘ ਖਾਲਸਾ, ਪਾਉਂਟਾ ਸਾਹਿਬ]

ਪਿਤਾ ਪਿਆਰਾ ਵਾਰ ਕੇ, ਕੁਰਬਾਨੀ ਕਰ ਕੇ। ਧੰਨ ਆਪ ਦੀ ਬੀਰਤਾ, ਧੰਨ ਧੰਨ ਹੈ ਜੇਰਾ।
ਵਾਰ ਜ਼ੁਲਮ ਦੇ ਸੈਂਕੜੇ, ਸੀਨੇ ਤੇ ਜਰ ਕੇ। ਕਰਨੀ ਸੁਣ ਸੁਣ ਆਪਦੀ, ਦਿਲ ਭਰਿਆ ਮੇਰਾ।
ਛੱਡ ਕੇ ਪੁਰੀ ਅਨੰਦ ਨੂੰ, ਘਰ ਬਾਰ ਗੁਆ ਕੇ। ਹੱਸ ਪਿਆਰੇ ਪਿਤਾ ਦੀ, ਦਿਤੀ ਕੁਰਬਾਨੀ।
ਵਸਦੇ ਮਹਿਲ ਉਜਾੜ ਕੇ, ਧੰਨ ਮਾਲ ਲੁਟਾ ਕੇ। ਰੱਖੀ ਮੂਲ ਨ ਆਪਣੀ ਇਕ ਪੁੱਤ ਨਿਸ਼ਾਨੀ।
ਹੀਰੇ ਪੁੱਤਰ ਲਾਡਲੇ, ਨੈਣਾਂ ਤੋਂ ਵਾਰੇ। ਚਾਰੇ ਤਾਰੇ ਆਪ ਦੇ, ਮੱਖਣ ਦੇ ਪਾਲੇ,
ਦੇਸ਼ ਕੌਮ ਤੋਂ ਵਾਰ ਕੇ, ਚਾਰੇ ਦੇ ਚਾਰੇ। ਵਾਰੇ ਹੱਸ ਕੇ ਦੇਸ਼ ਤੋਂ, ਨਾ ਨੈਣ ਉਛਾਲੇ।
ਦਿਲ ਤੋਂ ਨਾ ਦਸਮੇਸ਼ ਜੀ, ਡੋਲੇ ਘਬਰਾਏ। ਲਾਡ ਲਡਾਏ ਜਿਸ ਨੇ, ਉਹ ਗੁਜਰੀ ਮਾਤਾ,
ਜੱਟ ਪੁਰੇ ਵਿਚ ਚਲ ਜਾ, ਚਮਕੌਰੋਂ ਆਏ। ਕਰ ਦਿਤੇ ਕੁਰਬਾਨ ਜੋ ਭਾਰਤ ਤੋਂ ਦਾਤਾ।
ਸੁਣਿਆਂ ਕੰਨੀਂ ਆਪਣੀ ਇਕ ਸਿੱਦਕੀ ਕਲੇ। ਅੱਜ ਫਕੀਰਾਂ ਵਾਂਗ ਹੋ, ਪੈਦਲ ਪਏ ਫਿਰਦੇ,
ਰੋਂਦਾ ਰੋਂਦਾ ਆ ਗਿਆ, ਹੰਝੂ ਨਾ ਠੱਲੇ। ਸਾਡੇ ਹੰਝੂ ਵੇਖ ਲਓ, ਛਮ ਛਮ ਹਨ ਕਿਰਦੇ।
ਹੱਥ ਜੋੜ ਕੇ ਉਸ ਨੇ, ਇਹ ਅਰਜ਼ ਗੁਜਾਰੀ, ਐਪਰ ਦਿਲ ਵਿਚ ਹੋਂਵਦੀ, ਇਹ ਵੇਖ ਹੈਰਾਨੀ,
ਹੇ ਕਲਗੀਧਰ, ਸੂਰਮੇ, ਧਰਮੀ, ਉਪਕਾਰੀ ! ਖਿੜਿਆ ਚਿਹਰਾ ਦਮਕਦਾ, ਸਦ ਸਦ ਕੁਰਬਾਨੀ।

---

# ਪਾਠਕਾਂ ਤੇ ਸਿਖ ਸੰਗਤਾਂ ਪਾਸ ਬੇਨਤੀ

ਜੰਗਨਾਮਾ ਕਾਜ਼ੀ ਨੂਰ ਮੁਹੰਮਦ ਸੰਪਾਦਕ ਡਾਕਟਰ ਗੰਡਾ ਸਿੰਘ, ਜੋ ਖਾਲਸਾ ਕਾਲਜ ਅੰਮ੍ਰਿਤਸਰ ਨੇ ਕਾਫ਼ੀ ਅਰਸਾ ਪਹਿਲਾਂ ਛਾਪਿਆ ਸੀ, ਉਹ ਪੁਸਤਕ ਜੇ ਕਿਸੇ ਕੀਮਤ ਤੇ ਵੀ ਲਭ ਕੇ ਸਾਨੂੰ ਭੇਜੀ ਜਾਵੇ ਤਾਂ ਅਸੀਂ ਬੜੇ ਧੰਨਵਾਦੀ ਹੋਵਾਂਗੇ, ਕਿਉਂਕਿ ਕੈਪਟਿਨ ਸਾਹਿਬ ਦੀ ਪੁਸਤਕ ਕੁਝ ਫਟੀ ਹੋਈ ਹੈ।

(੨) 'ਸੂਰਾ' ਦੇ ਪਾਠਕਾਂ ਪਾਸ ਬੇਨਤੀ ਹੈ ਕਿ ਦਸੰਬਰ ੧੯੮੦ ਦਾ ਪਰਚਾ ਹੁਣ ਖਤਮ ਹੈ, ਹੋਰ ਮੰਗ ਕਰਨ ਦੀ ਖੇਚਲ ਨਾ ਕਰੋ।

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

## [ਕਿਸ਼ਤ ੨੯ਵੀਂ, ਲੜੀ ਜੋੜਨ ਲਈ ਵੇਖੋ ਸੂਰਾ ਦਸੰਬਰ ੧੯੮੦]

[ਵਲੋਂ—ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

ਨੋਟ—ਅਹਿਮਦਸ਼ਾਹ ਅਬਦਾਲੀ ਜਦ ਤਲਵਾਰ ਦੇ ਜ਼ੋਰ ਨਾਲ ਸਿੰਘਾਂ ਨੂੰ ਖ਼ਤਮ ਕਰ ਕੇ, ਪੰਜਾਬ ਨੂੰ ਸਦਾ ਲਈ ਆਪਣੇ ਰਾਜ ਦਾ ਹਿੱਸਾ ਬਣਾ ਲੈਣ ਦਾ ਆਪਣਾ ਸੁਪਨਾ ਸਾਕਾਰ ਨਾ ਕਰ ਸਕਿਆ ਤਾਂ ਉਸ ਨੇ ਸਿੰਘਾਂ ਨੂੰ ਲਾਲਚ ਦੇ ਕੇ ਉਨ੍ਹਾਂ ਵਿਚ ਦੁਫਾੜ ਪਾਉਣ ਦੇ ਪੂਰੇ ਪੂਰੇ ਯਤਨ ਕੀਤੇ। ਸਿੰਘਾਂ ਦੀ ਅਣਖ, ਸਬਰ, ਸੰਤੋਖ, ਦੇਸ਼ ਪਿਆਰ ਤੇ ਵੈਰੀ ਦੀ ਨੀਤੀ ਅਤੇ ਚਾਲਾਂ ਨੂੰ ਸਮਝ ਲੈਣ ਦੀ ਸੂਝ ਨੇ, ਦੁਰਾਨੀ ਦੀ ਕੋਈ ਪੇਸ਼ ਨਾ ਜਾਣ ਦਿਤੀ। ਅਹਿਮਦ ਸ਼ਾਹ ਉਨ੍ਹਾਂ ਨੂੰ ਸਾਰਾ ਪੰਜਾਬ ਤੇ ਹੋਰ ਮੂੰਹ-ਮੰਗੇ ਇਲਾਕੇ ਦੇ ਕੇ ਵਰਚਾ ਲੈਣਾ ਚਾਹੁੰਦਾ ਸੀ। ਇਸ ਦੇ ਇਵਜ਼ ਵਿਚ ਉਹ ਸਿੰਘਾਂ ਪਾਸੋਂ ਕੁਝ ਨਹੀਂ ਸੀ ਮੰਗਦਾ, ਸਿਰਫ ਏਨਾ ਚਾਹੁੰਦਾ ਸੀ ਕਿ ਉਸ ਦੀ ਈਨ ਮੰਨ ਲੈਣ, ਉਸ ਨੂੰ ਆਪਣਾ ਪਾਤਸ਼ਾਹ ਪਰਵਾਨ ਕਰ ਲੈਣ। ਸਾਰਾ ਰੇੜਕਾ ਹੀ ਮੁਕ ਜਾਵੇ। ਪਰ ਉਹ ਅਣਖੀ ਸੂਰਮੇ, ਅਜ਼ਾਦੀ ਦੇ ਪਰਵਾਨੇ, ਇਕ ਘੋੜੇ, ਸ਼ਸਤਰ ਤੇ ਦੋ ਭੂਰਿਆਂ ਨਾਲ ਆਪਣੇ ਆਪ ਨੂੰ ਚਕਰਵਰਤੀ ਰਾਜੇ ਸਮਝਦੇ ਸਨ, ਉਹ ਅਬਦਾਲੀ ਦੀ ਈਨ ਦੀ ਨੱਥ ਕਿਵੇਂ ਨੱਕ ਵਿਚ ਪੁਆ ਸਕਦੇ ਸਨ! ਹਾਂ, ਜੇ ਲਾਲਚ ਜਾਂ ਲੋਭ-ਵੱਸ ਹੋ ਕੇ ਉਹ ਜਗੀਰਾਂ, ਨਵਾਬੀਆਂ ਕਬੂਲ ਕਰ ਲੈਂਦੇ ਤਾਂ ਉਹ ਛੋਟੇ ਮੋਟੇ ਸਰਦਾਰ ਜਾਂ ਨਵਾਬ ਤਾਂ ਜ਼ਰੂਰ ਬਣ ਜਾਂਦੇ, ਪਰ ਖਾਲਸੇ ਦਾ ਰਾਜ ਕਦੀ ਕਾਇਮ ਨਾ ਹੁੰਦਾ। ਨਾ ਕੋਈ ਸ਼ੇਰੇ ਪੰਜਾਬ ਹੁੰਦਾ ਤੇ ਨਾ ਹੀ ਸਰਕਾਰ ਖਾਲਸਾ ਬਣਦਾ। ਪੰਜਾਬ ਕੀ, ਸਾਰੇ ਹਿੰਦੁਸਤਾਨ ਦਾ ਹੀ ਇਤਿਹਾਸ ਹੋਰ ਦਾ ਹੋਰ ਹੁੰਦਾ। ਇਹ ਤੌਫ਼ੀਕ ਇਨ੍ਹਾਂ ਭੂਰਿਆਂ ਵਾਲਿਆਂ ਨੂੰ ਸੀ, ਜਿਨ੍ਹਾਂ ਇਤਿਹਾਸ ਦੀ ਧਾਰਾ ਹੀ ਬਦਲ ਕੇ ਰਖ ਦਿਤੀ। ਇਹ ਉਹ ਗੁਣ ਸਨ ਜਿਨ੍ਹਾਂ ਕਰਕੇ ਭਾਰਤ ਦੇ ਇਤਿਹਾਸ ਵਿਚ ਪਰਉਪਕਾਰੀ ਖਾਲਸਾ ਜੀ ਦਾ ਨਾਮ ਸੁਨਹਿਰੀ ਅਖਰਾਂ ਨਾਲ ਲਿਖਿਆ ਜਾਵੇਗਾ।

ਭੂਰਿਆਂ ਵਾਲਿਆਂ ਆਪਣੀਆਂ ਖੂਬੀਆਂ ਤੇ ਸਦਾਚਾਰ ਦੇ ਆਸਰੇ ਰਾਜ ਕਾਇਮ ਕੀਤਾ। ਰਾਜ ਕਰਨ ਵਾਲਿਆਂ, ਭਾਵ ਦੁਸ਼ਾਲਿਆਂ ਵਾਲਿਆਂ, ਇਨ੍ਹਾਂ ਖੂਬੀਆਂ ਦਾ ਤਿਆਗ ਕੀਤਾ, ਤੇ ਸਿੱਟਾ ਤਬਾਹੀ ਨਿਕਲਿਆ। ਲਾਲਚ ਦੇ ਨਾਲ ਜਿਹੜੀ ਫੁਟ ਦੇ ਬੀਜ ਅਬਦਾਲੀ ਨਾ ਬੀਜ ਸਕਿਆ, ਅੰਗਰੇਜ਼ ਨੇ ਜ਼ਮੀਨ ਤੇ ਵੱਤਰ ਤਿਆਰ ਵੇਖ ਕੇ ਸਹਿਲੇ ਹੀ ਭਰਵਾਂ ਛੱਟਾ ਦੇ ਦਿਤਾ। ਰਾਜ ਭਾਗ, ਜਿਸ ਨੂੰ ਕਾਇਮ ਕਰਨ ਵਿਚ ਇਕ ਜੁਗ ਬੀਤਿਆ ਸੀ, ਪਲਾਂ ਤੇ ਘੜੀਆਂ ਵਿਚ ਗੁਆ ਲਿਆ। ਆਪਣੇ ਪੰਜਾਬ ਦੀ ਜੰਮ ਪਲ ਤੇ ਆਪਣੇ ਪਿਆਰੇ ਸ਼ੇਰੇ ਪੰਜਾਬ ਦੀ ਪਿਆਰੀ ਰਾਣੀ ਜਿੰਦ ਕੌਰ ਦਾ ਰਾਜ ਨਾ ਕਬੂਲ ਕਰਨ ਵਾਲੇ, ਕੇਵਲ ਇਸ ਲਈ ਕਿ ਇਹ ਇਕ ਤੀਵੀਂ ਹੈ, 6 ਹਜ਼ਾਰ ਮੀਲ ਦੂਰ ਬੈਠੀ ਬਦੇਸ਼ੀ ਮਲਕਾ (ਵਿਕਟੋਰੀਆ) ਦੇ ਪੀੜ੍ਹ ਦੇ ਪਾਵੇ ਨਾਲ ਕੱਚੀ ਤੰਦ ਨਾਲ ਬੱਝ ਕੇ ਇੰਜ ਨਿਸਲ ਹੋ ਕੇ ਤੇ ਧੌਣਾਂ ਸੁੱਟ ਕੇ ਪੈ ਗਏ ਜਿਵੇਂ ਕਿ ਮਲ੍ਹਪ ਪਏ ਹੋਣ। ਅੱਜ ਤੱਕ ਕਿਸੇ ਨੇ ਵਾਤ ਨਹੀਂ ਪੁਛੀ। ਕੋਈ ਸੁਣਨ ਨੂੰ ਵੀ ਤਿਆਰ ਨਹੀਂ। ਕਾਰਨ? ਕਾਰਨ ਸਪੱਸ਼ਟ ਹੈ। ਭੂਰਿਆਂ ਵਾਲਿਆਂ ਦੇ ਗੁਣਾਂ ਦਾ ਤਿਆਗ। ਗੱਧੇ ਦੇ ਜਿਸਮ ਉਤੇ ਪਾਈ ਸ਼ੇਰ ਦੀ ਖਲ ਬਹੁਤੀ ਦੇਰ ਤਕ ਲੋਕਾਂ ਨੂੰ ਭੈ ਵਿਚ ਰਖ ਕੇ ਮਾਣ ਸਤਿਕਾਰ ਨਹੀਂ ਲੈ ਸਕਦੀ। ਸ਼ੇਰ ਪ੍ਰਤੀ ਸਦੀਵੀ ਸਤਿਕਾਰ ਤਾਂ ਹੀ ਮਿਲੂ ਤੇ ਮਿਲਦਾ ਰਹੂ ਜੇ ਇਹ ਖਲ ਸੱਚ ਮੁੱਚ ਸ਼ੇਰ ਦੇ ਆਪਣੇ ਹੀ ਜਿਸਮ ਤੇ ਹੋਵੇਗੀ। ਕਦਰ ਕੇਵਲ ਗੁਣਾਂ ਦੀ ਹੀ ਹੁੰਦੀ ਹੈ।

—ਸਵਰਨ ਸਿੰਘ



www.AKJ.Org

**ਅਹਿਮਦਸ਼ਾਹ ਨਾਲ ਸਿੰਘਾਂ ਦੀਆਂ ਲਗਾਤਾਰ ਸੱਤ ਦਿਨ ਤਕ ਝੜਪਾਂ ਸ਼ੁਰੂ–ਅਹਿਮਦਸ਼ਾਹ ਦਾ ਪੰਜਾਬੋਂ ਜਾਨ ਬਚਾ ਕੇ ਛੇਤੀ ਛੇਤੀ ਵਾਪਸ ਨਸਣਾ–ਦੀਨ ਲਈ ਜਹਾਦ ਅਸਫਲ–ਬਾਦਸ਼ਾਹੀ ਲਸ਼ਕਰ ਦਾ ਦੁਆਬੇ ਦਾ ਦਰਿਆ (ਸਤਲੁਜ) ਲੰਘਣਾ ਤੇ ਕਾਫ਼ਰਾਂ (ਸਿਖਾਂ) ਦੇ ਲਸ਼ਕਰ ਦਾ ਆਣ ਪਹੁੰਚਣਾ–**

ਕਾਜ਼ੀ ਨੂਰ ਮੁਹੰਮਦ ਬਿਆਨ ਕਰਦਾ ਹੈ :–

"ਜਦ ਬਾਦਸ਼ਾਹ ਤੇ ਉਸ ਦੇ ਨਾਲ ਦੇ ਸਾਰੇ ਆਦਮੀ ਦਰਿਆ ਲੰਘ ਗਏ ਤਾਂ ਦਰਿਆਉਂ ਦੂਜੇ ਪਾਸੇ ਡੇਰਾ ਕਰਨ ਲਈ ਸ਼ਾਹੀ ਝੰਡੇ ਗੱਡ ਦਿਤੇ ਗਏ। ਉਸ ਦਿਨ ਦੂਰੋਂ ਨੇੜਿਉਂ ਸਾਰਾ ਲਸ਼ਕਰ ਦਰਿਆ ਪਾਰ ਲੰਘ ਕੇ ਉਥੇ ਆਣ ਇਕੱਠਾ ਹੋਇਆ ਤੇ ਰਾਤ ਏਥੇ ਹੀ ਗੁਜ਼ਾਰੀ। ਅਗਲੇ ਦਿਨ ਤੜਕ-ਸਾਰ ਜਦ ਫੌਜ ਅਗੇ ਨੂੰ ਰਵਾਨਾ ਹੋਈ ਤਾਂ ਕਿਸੇ ਆ ਕੇ ਦਸਿਆ ਕਿ ਸਿਖਾਂ ਦਾ ਬੇਓੜਕਾ ਲਸ਼ਕਰ ਲੜਨ ਭਿੜਨ ਲਈ ਗੁਰੂ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਇਕੱਠਾ ਹੋਇਆ ਹੋਇਆ ਹੈ। ਇਹ ਗੁਰੂ ਚੱਕ ਉਹੋ ਹੀ ਹੈ ਜਿਸ ਬਾਰੇ ਮੈਂ ਅਗੇ ਦੱਸ ਚੁਕਿਆ ਹਾਂ ਕਿ ਇਹ ਸਿਖਾਂ ਦੇ ਪੀਰ ਦਾ ਸਥਾਨ ਸੀ। ਇਹ ਖਬਰ ਸੁਣ ਕੇ ਗਾਜ਼ੀਆਂ ਨੂੰ ਤਾਂ ਮਾਨੋ ਚਾਅ ਹੀ ਚੜ੍ਹ ਗਏ, ਕਿਉਂਕਿ ਉਹ ਇਸੇ ਲੜਾਈ ਦੀ ਉਡੀਕ ਵਿਚ ਹੀ ਤਾਂ ਸਨ। ਪਾਤਸ਼ਾਹ ਨੇ ਹੁਕਮ ਦਿਤਾ, ਸਾਰਾ ਲਸ਼ਕਰ, ਜਿਸ ਦਾ ਸ਼ੁਮਾਰ ਹੀ ਕੋਈ ਨਹੀਂ ਸੀ, ਛੇਤੀ ਛੇਤੀ ਚੱਕ ਵੱਲ ਵਧਾ ਕੇ ਕਾਫ਼ਰਾਂ ਦੇ ਸਿਰਾਂ ਉਤੇ ਟੁਟ ਪਵੋ ਤੇ ਉਨ੍ਹਾਂ ਦੀ ਜੜ੍ਹ-ਮੇਖ ਪੁਟ ਸੁਟੋ।"

ਕਸ ਆਮਦ ਕਿ ਲਸ਼ਕਰਿ ਬੇ-ਸ਼ੁਮਾਰ। ਬ-ਚੱਕ ਜਮ੍ਹਾ ਸ਼ੁਦ ਅਜ਼ ਪਏ ਕਾਰਜ਼ਾਰ।
ਹਮਾਂ ਚੱਕ ਕਿ ਅਜ਼ੀਂ ਪੇਸ਼ ਕਰਦਮ ਬਿਆਂ। ਕਿ ਆਂ ਚੱਕ ਬੂਦ ਜਾਏ ਪੀਰੇ ਸਗਾਂ।
ਦਿਲੇ ਗਾਜ਼ੀਆਂ ਸ਼ਾਦ ਸ਼ੁਦ ਜ਼ੀਂ ਖ਼ਬਰ। ਕਿ ਬੂਦੰਦ ਬਹਿਰਿ ਗ਼ਜ਼ਾ ਮੁੰਤਜ਼ਰ।
ਸ਼ਹਿਨਸ਼ਾਹਿ ਦਰਿਆ ਦਿਲੋ ਨਾਮਦਾਰ। ਬ-ਫ਼ਰਮੂਦ ਤਾ ਲਸ਼ਕਰਿ ਬੇਸ਼ੁਮਾਰ।
ਬਤਾਜ਼ਦ ਬਹ ਚੱਕ ਬਰ ਸਰੇ ਕਾਫ਼ਰਾਂ। ਜ਼ਿ ਬੁਨ ਬਰ ਕੁਨਦ ਬੇਖਿ ਆ ਮੁਦਬਰਾਂ।

[ਜੰਗਨਾਮਾ ਸਫ਼ਾ 128–129, ਸਤਰਾਂ 5 ਤੋਂ 9 ਤਕ

"ਜਦੋਂ ਮਸਾਂ ਕੋਹ ਕੁ ਭਰ ਅੱਗੇ ਵਧੇ ਹੋਵਾਂਗੇ ਕਿ ਕਿਸੇ ਨੇ ਆ ਕੇ ਖਬਰ ਦਿਤੀ ਕਿ ਸਿਖਾਂ ਦਾ ਤਕੜਾ ਲਸ਼ਕਰ ਆਣ ਪਿਆ ਹੈ ਤੇ ਉਨ੍ਹਾਂ ਨੇ ਸ਼ਾਹੀ ਫ਼ੌਜ ਦਾ ਰਸਤਾ ਰੋਕ ਲਿਆ ਹੈ। ਪਾਤਸ਼ਾਹ ਨੇ ਜਦ ਇਨ੍ਹਾਂ ਅਹਿਮਕਾਂ ਦੀ ਅਜਿਹੀ ਗੁਸਤਾਖ਼ੀ ਦੀ ਗੱਲ ਸੁਣੀ ਤਾਂ ਉਸ ਨੇ ਕਰੋਧ ਵਿਚ ਆ ਕੇ ਕਿਹਾ, ਹੈਂ! ਕਮਾਲ ਹੈ! ਮੇਰੇ ਹੁੰਦਿਆਂ ਸੁੰਦਿਆਂ ਹੀ ਇਨ੍ਹਾਂ ਕਾਫ਼ਰਾਂ ਨੇ ਭੁਚਾਲ ਲਿਆ ਛਡਿਆ ਹੈ ਕਿ ਮੇਰੇ ਹੇਠ ਮੇਰਾ ਤਖਤ ਡੋਲ ਰਿਹਾ ਹੈ। ਜਦ ਮੇਰਾ ਆਪਣਾ ਲਸ਼ਕਰ ਹੀ ਦੀਨ ਦੀ ਲੜਾਈ ਲੜਨ ਵਿਚ ਸੁਸਤ ਹੈ ਤਾਂ ਜੇ ਸਿਖ ਹੱਲੇ ਤੇ ਹੱਲਾ ਕਰਨ ਤਾਂ ਫਿਰ ਠੀਕ ਹੀ ਹੈ। ਸਾਰਾ ਜਹਾਨ ਮੈਨੂੰ ਕੀ ਆਖਦਾ ਹੋਵੇਗਾ ਕਿ ਹਰ ਥਾਂ ਕਾਫਰ ਸਿਖ ਮੇਰੇ ਲਸ਼ਕਰ ਤੇ ਹੱਲੇ ਕਰ ਰਹੇ ਹਨ। ਮੇਰਾ ਇੰਜ ਨੱਕ 'ਚ ਦਮ ਕੀਤਾ ਹੋਇਆ ਹੈ। ਮੈਂ ਹਿੰਦੁਸਤਾਨ ਦੇ ਸਾਰੇ ਹਿੰਦੀਆਂ ਤੋਂ ਹਰ ਸਾਲ ਜਜ਼ੀਆ ਵਸੂਲ ਕਰਦਾ ਹਾਂ। ਦਿਲੀ, ਬੰਗਲਾ ਤੇ ਸੋਮਨਾਤ ਤੱਕ ਦੇ ਹਿਸੇ ਬਖ਼ਰੇ ਕਰ ਕੇ ਫੌਜ ਵਿਚ ਵੰਡ ਛਡੇ ਹਨ। ਮੇਰੇ ਨਸੀਬ ਦਾ ਸਤਾਰਾ ਏਨੀ ਬਲੰਦੀ ਤੇ ਹੋਵੇ ਤੇ ਮੇਰੇ ਥਲੇ ਇਰਾਕ ਦੇ ਤੇਜ਼-ਤਰਾਰ ਘੋੜੇ ਹੋਣ ਤੇ ਆਹ ਮੁਰਦਾਰ-ਖਾਣੇ ਤੇ ਜਨੇਊ-ਪਾਉਣੇ ਕੁੱਤੇ ਉਠ ਕੇ ਮੇਰੇ ਨਾਲ ਵੈਰ ਸਹੇੜਨ ਤੇ ਮੇਰੀ ਗੱਲ ਹੀ ਨਾ ਸੁਣਨ! ਮੈਂ ਇਨ੍ਹਾਂ ਕਾਫ਼ਰਾਂ ਨੂੰ ਐਸੀ ਮਾਰ ਮਾਰਾਂਗਾ ਕਿ ਇਨ੍ਹਾਂ ਦੇ ਸਰੀਰਾਂ ਵਿਚ ਹੱਡੀਆਂ ਰੂ ਬਣ ਜਾਣਗੀਆਂ।"

ਬ-ਗੁਫ਼ਤਾ ਕਿ ਖ਼ਹ ਖ਼ਹ ਦਰੀਂ ਅਹਿਦੇ ਮਨ। ਜ਼ਿ ਸਗਹਾ ਸਤ ਦਹ ਜ਼ਲਜ਼ਲਾ ਮਹਿਦਿ ਮਨ।
ਚੂੰ ਈਂ ਲਸ਼ਕਰਮ ਸੁਸਤ ਦਿਲ ਦਰ ਗਜ਼ਾਸਤ। ਅਗਰ ਤਾਖ਼ਤ ਆਰੰਦ ਸਿਖਾਂ ਸਜ਼ਾਸਤ।



www.AKJ.Org

ਚਿਹ ਗੋਇਦ ਜਹਾਨਮ ਬਹ ਹਰ ਕਿਸ਼ਵਰੇ। ਕਿ ਬਰ ਲਸ਼ਕਰਮ ਤਾਖ਼ਤਾ ਕਾਫ਼ਰੇ।......
ਬ-ਹਿੰਦ ਅਜ਼ ਹਮਹ ਹਿੰਦੀਆਂ ਮਾਹ ਸਾਲ। ਸਤਾਂਨਮ ਬਜਜ਼ੀਆ ਜ਼ਰੋ ਸੀਮੋ ਮਾਲ।
ਸਪਾਹ ਰਾ ਦਹਮ ਅਜ਼ ਮੁਵਾਜਬ ਬਰਾਤ। ਬ-ਦਿਹਲੀ ਵਾ ਬੰਗਾਲਾ ਤਾ ਸੋਮਨਾਤ।
ਚੂ ਬਾ ਅਖ਼ਤਰਮ ਕਰਦ ਬਖ਼ਤਮ ਵਿਫ਼ਾਕ। ਹਮਾਂ ਤੁੰਦ ਅਸਬਾਂ ਕਸ਼ਮ ਅਜ਼ ਇਰਾਕ।
ਸਗਿ ਚੰਦ ਮੁਰਦਾਰ ਜ਼ੁੰਨਾਰ ਪੋਸ਼। ਪੈ ਕੀਂ ਪੰਬਾ ਕਸ਼ਨਦਮ ਬਗੋਸ਼।
ਤਬਹ ਸਾਜ਼ਮ ਆਂ ਕਾਫ਼ਰਾਂ ਰਾ ਚੁਨਾਂ। ਕਿ ਪੰਬਾ ਸ਼ਵਦ ਦਰ ਤਨਸ਼ ਅਸਤਖਾਂ।

[ਸਫ਼ਾ 129–130, ਸਤਰਾਂ 16 ਤੋਂ 18 ਅਤੇ 22 ਤੋਂ 26

"ਸ਼ਹਿਨਸ਼ਾਹ ਦੇ ਹੁਕਮ ਨਾਲ ਸਾਰੀ ਸੈਨਾ ਲੜਾਈ ਲਈ ਤਿਆਰ ਹੋ ਗਈ। ਧੌਂਸਿਆਂ ਤੇ ਚੋਟਾਂ ਪੈ ਰਹੀਆਂ ਸਨ ਤੇ ਵਿਚੋਂ ਆਵਾਜ਼ਾਂ ਇੰਜ ਨਿਕਲ ਰਹੀਆਂ ਸਨ ਕਿ 'ਐ ਗਾਜ਼ੀਉ! ਇਹ ਦੀਨ ਵਾਸਤੇ ਲੜਾਈ ਹੈ, ਬਿਲਕੁਲ ਦੀਨ ਵਾਸਤੇ। ਕਰ ਦਿਉ ਹੱਲਾ ਇਨ੍ਹਾਂ ਫਿਟਕਾਰੇ ਹੋਏ ਕਾਫ਼ਰਾਂ ਉਤੇ।"

ਫ਼ਰੋ ਕੋਫ਼ਤਾ ਤਬਲ ਜ਼ਨ ਤਬਲੇ ਜੰਗ। ਸਦਾਇ ਬਰਾਮਦ ਅਜ਼ਾਂ ਬੇਦਰੰਗ।
ਕਿ ਐ ਗਾਜ਼ੀਆਂ ਜੰਗਿ ਦੀਂ ਅਸਤ ਦੀਂ। ਬਤਾਜ਼ੇਦ ਬਰ ਕਾਫ਼ਰਾਨਿ ਲਈਂ।

[ਸਫ਼ਾ 131, ਸਤਰਾਂ 59 ਤੇ 60

"ਲਸ਼ਕਰ ਦੀ ਤਰਤੀਬ ਇਸ ਤਰ੍ਹਾਂ ਸੀ: ਫ਼ੌਜ ਦੇ ਵਿਚਕਾਰ ਪਾਤਸ਼ਾਹ ਆਪ ਸੀ। ਉਸ ਦੇ ਸਜੇ ਪਾਸੇ ਵਜ਼ੀਰਿ ਆਜ਼ਮ ਸ਼ਾਹ ਵਲੀ ਖਾਨ, ਸੈਨਾਪਤੀ ਜਹਾਨ ਖ਼ਾਨ, ਅੰਨਜ਼ਲਾ ਖਾਨ, ਜ਼ਬਤਬੇਗੀ, ਸ਼ਾਹ ਪਸੰਦ ਦੀਵਾਨ ਬੇਗੀ ਤੇ ਹੋਰ ਕਈ ਨਾਮਵਰ ਸਰਦਾਰ ਬਾਰ੍ਹਾਂ ਹਜ਼ਾਰ ਜਵਾਨ ਆਪਣੀ ਕਮਾਨ ਵਿਚ ਲਈ ਖੜੇ ਸਨ। ਬਲੋਚਾਂ ਦਾ ਸਰਦਾਰ ਨਸੀਰ ਖ਼ਾਨ ਖਬੇ ਹੱਥ ਵਾਲੀ ਫ਼ੌਜ ਨੂੰ ਲਈ ਖੜਾ ਸੀ।

ਉਧਰ ਸਿਖਾਂ ਦਾ ਲਸ਼ਕਰ ਵੀ ਪੂਰੀ ਸੱਜ ਧੱਜ ਨਾਲ ਅਗਾਂਹ ਵਧਿਆ ਆਉਂਦਾ ਸੀ। ਇਸ ਲਸ਼ਕਰ ਦੇ ਵਿਚਕਾਰ ਜੱਸਾ ਸਿੰਘ ਕਲਾਲ ਸੀ (ਸੁਲਤਾਨੁਲਕੌਮ ਸ: ਜੱਸਾ ਸਿੰਘ ਆਹਲੂਵਾਲੀਆ) ਜੋ ਪਹਾੜ ਵਾਂਗ ਡਟਿਆ ਹੋਇਆ ਸੀ। ਇਸ ਦੇ ਬਿਲਕੁਲ ਨਾਲ ਹੀ ਦੂਜਾ ਜੱਸਾ ਸਿੰਘ ਤਰਖਾਣ(ਸ: ਜੱਸਾ ਸਿੰਘ ਰਾਮਗੜ੍ਹੀਆ) ਜਿਹੜਾ ਤਾਕਤ ਤੇ ਜੁਸੇ ਵਿਚ ਸ਼ੇਰ ਵਰਗਾ ਸੀ। ਹੋਰ ਕਈ ਨਾਮੀ ਸੂਰਮੇ ਲਸ਼ਕਰ ਦੇ ਵਿਚਕਾਰ ਜੱਸਾ ਸਿੰਘ ਦੇ ਨਾਲ ਸਨ। ਸੱਜੇ ਹੱਥ ਵਲ ਚੜ੍ਹਤ ਸਿੰਘ ਸੀ, ਉਸ ਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਭੰਗੀ, ਤੇ ਜੈ ਸਿੰਘ ਕਨ੍ਹਈਆ ਸਨ। ਜੱਸਾ ਸਿੰਘ ਆਹਲੂਵਾਲੀਏ ਦੇ ਖਬੇ ਹੱਥ ਵਲ ਹਰੀ ਸਿੰਘ ਭੰਗੀ (ਸ: ਹਰੀ ਸਿੰਘ ਭੰਗੀ ਲੰਙਾ ਸੀ), ਗੁਲਾਬ ਸਿੰਘ ਭੰਗੀ, ਸ: ਗੁਜਰ ਸਿੰਘ ਭੰਗੀ ਤੇ ਰਾਮ ਦਾਸ ਸਨ।(ਇਹ ਸਰਦਾਰ ਸ਼ਾਹਵਲੀ ਖਾਨ, ਜਹਾਨ ਖਾਨ, ਅੰਨਜ਼ਲਾ ਖਾਨ ਆਦਿ ਦੇ ਮੁਕਾਬਲੇ ਤੇ ਸਨ।) ਇਸ ਤਰ੍ਹਾਂ ਬਲੋਚਾਂ ਦੇ ਸਰਦਾਰ ਨਸੀਰ ਖਾਨ ਦੇ ਮੁਕਾਬਲੇ ਤੇ ਚੜ੍ਹਤ ਸਿੰਘ ਸੀ, ਜੋ ਬੜੀ ਫੂੰ ਫੂੰ ਕਰ ਰਿਹਾ ਸੀ, ਪਰ ਸਰਿਆ ਉਸ ਤੋਂ ਕੱਖ ਵੀ ਨਾ। ਉਹ ਦੂਰੋਂ ਦੂਰੋਂ ਹੀ ਬੰਦੂਕਾਂ ਚਲਾਉਂਦਾ ਰਿਹਾ। ਇਸੇ ਤਰ੍ਹਾਂ ਇਧਰੋਂ ਅਗੋਂ ਗਾਜ਼ੀ ਜਵਾਬ ਦੇਂਦੇ ਰਹੇ।

ਖਾਲਸਾ ਦਲ ਦੀ ਤਰਤੀਬ ਨੂੰ ਵੇਖ ਕੇ ਤੇ ਚੜ੍ਹਤ ਸਿੰਘ ਨੂੰ ਨਸੀਰ ਖਾਨ ਦੇ ਮੁਕਾਬਲੇ ਤੇ ਵੇਖ ਕੇ, ਅਹਿਮਦ ਸ਼ਾਹ ਨੇ ਸਾਰਿਆਂ ਸਰਦਾਰਾਂ ਨੂੰ ਤੇ ਨਸੀਰ ਖਾਨ ਨੂੰ ਖ਼ਾਸ ਤੌਰ ਤੇ ਹੁਕਮ ਦਿਤਾ ਸੀ ਕਿ ਤੁਸਾਂ ਆਪਣਾ ਪੈਂਤੜਾ ਛੱਡ ਕੇ ਅੱਗੇ ਬਿਲਕੁਲ ਨਹੀਂ ਵਧਣਾ। ਆਪਣੀ ਆਪਣੀ ਥਾਂ ਤੇ ਬੜੀ ਹੁਸ਼ਿਆਰੀ ਨਾਲ ਖੜੇ ਰਹਿਣਾ ਹੈ। ਮੇਰੀ ਤੈਨੂੰ (ਨਸੀਰ ਖਾਨ ਨੂੰ) ਇਹ ਨਸੀਹਤ ਹੈ ਕਿ ਤੂੰ ਮੇਰੇ ਖਬੇ ਹੱਥ ਹੀ ਰਹਿਣਾ ਹੈ। ਅੱਗੇ ਬਿਲਕੁਲ ਕਦਮ ਨਹੀਂ ਵਧਾਉਣਾ। ਇਹ ਪੱਕੀ ਤਰ੍ਹਾਂ ਖਿਆਲ ਰਖੀਂ, ਕਿ ਜੇ ਕਿਧਰੇ ਵੈਰੀ ਦੀ ਫ਼ੌਜ ਤੇ ਤੇਰੀ ਨਜ਼ਰ ਪੈ ਵੀ ਜਾਵੇ ਤਾਂ ਤੂੰ ਅੱਗੇ ਵਧ ਕੇ ਉਨ੍ਹਾਂ ਤੇ ਹਲਾ ਨਾ ਕਰੀਂ। ਆਪਣੀ ਥਾਂ ਉਤੇ ਹੀ ਡਟੇ ਰਹਿਣਾ ਹੈ। ਇਕ ਕਦਮ ਵੀ ਅੱਗੇ ਨਹੀਂ ਪੁਟਣਾ। ਇਸ ਲਈ ਬਲੋਚਾਂ ਦਾ ਸਰਦਾਰ ਸਿਖਾਂ ਉਤੇ ਹੱਲਾ ਨਹੀਂ ਕਰ ਸਕਦਾ ਸੀ।"



www.AKJ.Org

ਨੋਟ :–ਕਾਜ਼ੀ ਜੀ ਆਪਣੇ ਲੋਰ ਵਿਚ ਅਹਿਮਦ ਸ਼ਾਹ, ਨਸੀਰ ਖਾਨ ਤੇ ਦੁਰਾਨੀ ਫੌਜ ਦੀ ਫੋਕੀ ਬਹਾਦਰੀ ਦੀ ਨਿਰਮੂਲ ਉਸਤਤ ਕਰਨ ਵਿਚ ਖ਼ਾਹ ਮਖ਼ਾਹ ਸਫ਼ੇ ਕਾਲੇ ਕਰੀ ਜਾਂਦੇ ਹਨ। ਦਰਿਆ ਦੇ ਕੰਢੇ ਕੀਤੇ ਡੇਰੇ ਤੋਂ ਤੁਰਨ ਲਗਿਆਂ ਜਦ ਖਬਰ ਮਿਲਦੀ ਹੈ ਕਿ ਸਿਖਾਂ ਦਾ ਇਕ ਤਕੜਾ ਲਸ਼ਕਰ ਗੁਰੂ ਚੱਕ ਇਕੱਠਾ ਹੋਇਆ ਬੈਠਾ ਹੈ ਤਾਂ ਗਾਜ਼ੀਆਂ ਨੂੰ ਜੰਗ ਕਰਨ ਦੇ ਚਾਅ ਚੜ੍ਹ ਜਾਂਦੇ ਹਨ। ਪਾਤਸ਼ਾਹ ਵੀ ਉਥੇ ਛੇਤੀ ਨਾਲ ਅੱਪੜ ਕੇ ਉਨ੍ਹਾਂ ਨੂੰ ਬਰਬਾਦ ਕਰ ਦੇਣ ਦਾ ਹੁਕਮ ਦੇਂਦਾ ਹੈ। ਪਰ ਅਜੇ ਕੋਹ ਕੁ ਚਲੇ ਹਨ ਤੇ ਸਿਖਾਂ ਦੀ ਫ਼ੌਜ ਨੇ ਰਸਤਾ ਰੋਕ ਲਿਆ ਹੈ। ਇਸ ਰਾਹ ਰੋਕਣ ਦੀ ਖਬਰ ਸੁਣ ਕੇ ਅਬਦਾਲੀ ਜੋ ਕਹਿੰਦਾ ਹੈ ਉਹ ਇਕ ਅਜੀਬ ਮਾਯੂਸੀ ਤੇ ਲਾਚਾਰਗੀ ਦੀ ਮੂੰਹ ਬੋਲਦੀ ਤਸਵੀਰ ਹੈ। ਜਿਨ੍ਹਾਂ ਦੀ ਜੜ੍ਹ-ਮੇਖ ਪੁਟਣ ਆਇਆ ਹੈ, ਉਨ੍ਹਾਂ ਦੀ ਜੁਰਅਤ ਤੇ ਦਲੇਰੀ ਤੇ ਅੱਸ਼ ਅੱਸ਼ ਕਰਦਾ ਹੈ। ਆਪਣੀ ਸੈਨਾ ਨੂੰ ਕੋਸਦਾ ਹੈ ਕਿ ਇਹ ਦੀਨ ਦੀ ਲੜਾਈ ਵਿਚ ਢਿੱਲ ਤੇ ਸੁਸਤੀ ਵਿਖਾ ਰਹੇ ਹਨ। ਸਿਖ ਜੋ ਇਨ੍ਹਾਂ ਤੇ ਇੰਜ ਹੱਲੇ ਕਰ ਰਹੇ ਹਨ, ਇਹ ਠੀਕ ਹੀ ਹੋ ਰਿਹਾ ਹੈ। ਹੈਰਾਨੀ ਨਾਲ ਕਹਿ ਰਿਹਾ ਹੈ ਕਿ ਸਿਖਾਂ ਨੇ ਅਜਿਹਾ ਭੁਚਾਲ ਲਿਆ ਛਡਿਆ ਹੈ ਕਿ ਮੇਰੀ ਪਾਲਕੀ, ਭਾਵ, ਮੇਰਾ ਆਸਣ ਮੇਰੇ ਥਲੇ ਡੋਲ ਰਿਹਾ ਹੈ। ਫਿਰ ਬੁਖਲਾਏ ਹੋਏ ਬੰਦੇ ਵਾਂਗ ਕਹਿੰਦਾ ਹੈ ਕਿ ਇਨ੍ਹਾਂ ਸਿਖਾਂ ਨੂੰ ਮੈਂ ਐਸੀ ਮਾਰ ਮਾਰੂੰਗਾ ਕਿ ਇਨ੍ਹਾਂ ਦੇ ਸਰੀਰਾਂ ਵਿਚ ਇਨ੍ਹਾਂ ਦੀਆਂ ਹੱਡੀਆਂ ਰੂੰ ਬਣ ਜਾਣਗੀਆਂ।

ਹੁਣ ਜਦ ਸਿਖ ਰਾਹ ਰੋਕ ਕੇ ਖਲੋ ਗਏ ਹਨ ਤੇ ਹੱਲੇ ਕਰਨ ਲਗ ਪਏ ਹਨ ਤਾਂ ਸਾਰਿਆਂ ਫ਼ੌਜੀ ਸਰਦਾਰਾਂ ਨੂੰ ਆਪਣੇ ਸੱਜੇ ਖੱਬੇ ਫ਼ੌਜ ਨਾਲ ਖਲ੍ਹਿਆਰ ਕੇ ਹੁਕਮ ਦੇਂਦਾ ਹੈ ਕਿ ਤੁਸਾਂ ਆਪਣੀ ਥਾਂ ਤੇ ਹੀ ਖੜੇ ਰਹਿਣਾ ਹੈ। ਬਿਲਕੁਲ ਅੱਗੇ ਕਦਮ ਨਹੀਂ ਪੁਟਣਾ। ਜੇ ਏਸੇ ਦਾ ਨਾਮ ਮਰਦਾਨਗੀ ਹੈ ਤਾਂ ਇਹ ਤੜ੍ਹ ਕਿਸ ਮੂੰਹ ਨਾਲ ਮਾਰੀ :

"ਬ-ਜਾਇ ਕਿ ਪੀਲਮ ਬ-ਜੁੰਬਦ ਜ਼ਿ ਜਾਇ। ਕੁਨਦ ਸਦ ਹਜ਼ਾਰ ਅਸਬ ਰਾ ਜ਼ੇਰ ਪਾਇ।
ਬ-ਯੱਕ ਹਮਲਾ ਪੀਲਮ ਸਫ਼ਾ ਬਸ਼ਿਕਨਦ। ਕਿ ਬਾਸ਼ਿਦ ਬ-ਪੀਲਮ ਸ਼ਿਕੱਸਤ ਅਫ਼ਗਨਦ।
ਸਪਾਹਮ ਚੂੰ ਪਾ ਦਰ ਰਕਾਬ ਆਵਰੁਦ। ਬ-ਰੇਗਿ ਬਿਆਬਾਂ ਹਿਸਾਬ ਆਵਰੁਦ।
ਬ-ਰੋਜ਼ੇ ਕਿ ਅਜ਼ ਖ਼ਸਮੇ ਦੀਂ ਦੀਂ ਕੁਸ਼ਮ। ਬ-ਤੇਗੇ ਦੋ ਸਦ ਗਬਰਿ ਬੇਦੀਂ ਕੁਸ਼ਮ।
ਵਲੇ ਕਾਇਦ ਅਜ਼ ਤੇਗੇ ਮਨ ਸਦ ਦਰੇਗ। ਕਿ ਗਰਦਦ ਬ-ਖ਼ੂਨੇ ਸਗ ਆਲੂਦਾ ਤੇਗ।
ਬ-ਯੁਫ਼ਤਦ ਫ਼ਲਕ ਚੂੰ ਕਿ ਖੇਜ਼ਮ ਜ਼ਿ ਪਾਇ। ਬ-ਲਰਜ਼ਦ ਜ਼ਿਮੀਂ ਚੂੰ ਬ-ਜੁੰਬਮ ਜ਼ਿ ਜਾਇ।"

[ਸ਼ਫ਼ਾ 130, ਸਤਰਾਂ 30 ਤੋਂ 35

**ਤਰਜਮਾ**–"ਜਦ ਮੇਰਾ ਹਾਥੀ ਕਿਤੇ ਹਿਲੇ ਤੇ ਕਦਮ ਪੁਟੇ ਤਾਂ ਸੈਂਕੜੇ ਹਜ਼ਾਰਾਂ ਘੋੜਿਆਂ ਨੂੰ ਪੈਰਾਂ ਥਲੇ ਦਲ ਮਲ ਸੁਟਦਾ ਹੈ। ਮੈਂ ਹਾਥੀ ਨਾਲ ਹੱਲਾ ਕਰ ਕੇ ਸਫ਼ਾਂ ਦੀਆਂ ਸਫ਼ਾਂ ਭੰਨ ਤੋੜ ਸੁਟਾਂ। ਜਦ ਮੇਰਾ ਲਸ਼ਕਰ ਘੋੜਿਆਂ ਦੀ ਪਿਠ ਤੇ ਸਵਾਰ ਹੋ ਕੇ ਮੈਦਾਨ ਵਿਚ ਨਿਤਰਦਾ ਹੈ, ਉਨ੍ਹਾਂ ਦੀ ਗਿਣਤੀ ਦਾ ਕੀ ਸ਼ੁਮਾਰ ਹੈ ? ਬੀਆਬਾਨ ਦੀ ਰੇਤ ਦੇ ਕਿਣਕੇ ਵੀ ਗਿਣਤੀ ਵਿਚ ਏਨੇ ਨਹੀਂ ਹੁੰਦੇ। ਅੱਜ ਜਦ ਦੀਨ ਦੇ ਵੈਰੀ ਦੇ ਵਿਰੁਧ ਤਲਵਾਰ ਸੂਤ ਲਈ ਹੈ, ਦੋ ਸੌ ਇਹ ਬੇਦੀਨੇ ਆਪਣੇ ਹਥੀਂ ਹਲਾਕ ਕਰੂੰਗਾ। ਮੈਨੂੰ ਇਸ ਗੱਲ ਦਾ ਸੌ ਵਾਰ ਅਫ਼ਸੋਸ ਹੁੰਦਾ ਹੈ ਕਿ ਮੇਰੀ ਤਲਵਾਰ ਇਨ੍ਹਾਂ ਪਲੀਤਾਂ ਦੇ ਖ਼ੂਨ ਨਾਲ ਲਿਬੜ ਕੇ ਖਰਾਬ (ਗੰਦੀ) ਹੋ ਜਾਵੇਗੀ। ਮੇਰੇ ਕਦਮ ਪੁਟਣ ਨਾਲ ਆਸਮਾਨ ਭੁੰਜੇ ਆਣ ਡਿਗੇਗਾ। ਮੇਰੇ ਭੋਰਾ ਵੀ ਹਿਲਣ ਦੇ ਨਾਲ ਧਰਤੀ ਤੇ ਭੁਚਾਲ ਆ ਜਾਵੇਗਾ। (ਗੋਇਆ ਕੀ ਵਿਚਾਰੇ ਹਨ ਇਹ ਸਿਖ ! ਪਲ ਵਿਚ ਤਹਿਸ-ਨਹਿਸ ਕਰ ਦਿਆਂਗਾ।")

ਕਿਡੀ ਵੱਡੀ ਤੜ੍ਹ ਹੈ ਇਹ ਜੋ ਅਹਿਮਦਸ਼ਾਹ ਨੇ ਮਾਰੀ ਹੈ। ਪਰ ਜਦ ਹੁਣ ਸੂਰਮਿਆਂ ਨਾਲ ਮੱਥਾ ਜੁੜ ਗਿਆ ਹੈ ਤਾਂ ਸਾਰਿਆਂ ਸਰਦਾਰਾਂ ਨੂੰ ਆਪਣੇ ਸੱਜੇ ਖੱਬੇ ਖੜਾ ਕਰ ਕੇ ਕਹਿੰਦਾ ਹੈ ਕਿ ਬਸ ਆਪਣੀ ਆਪਣੀ ਥਾਵੇਂ ਡੱਟੇ ਰਹਿਣਾ ਹੈ। ਸਿਖਾਂ ਉਤੇ ਹੱਲਾਂ ਨਹੀਂ ਕਰਨਾ। ਹੁਣ ਪਾਤਸ਼ਾਹ



www.AKJ.Org

ਸਲਾਮਤ ! ਹਲਾ ਕਿਉਂ ਨਹੀਂ ਕਰਨਾ ? ਤੁਹਾਡੇ ਕਹਿਣ ਮੁਜਬ ਤਾਂ ਤੁਹਾਡਾ ਹਾਥੀ ਜੇ ਪੈਰ ਹਿਲਾਵੇ ਤਾਂ ਸੈਂਕੜੇ ਹਜ਼ਾਰਾਂ ਘੋੜੇ ਦਰੜ ਸੁਟਦਾ ਹੈ ਤੇ ਸਫਾਂ ਦੀਆਂ ਸਫਾਂ ਤੋੜ-ਭੰਨ ਦਿੰਦਾ ਹੈ। ਕਰੋ ਖਾਂ ਹਜ਼ੂਰ ਇਸ ਹਾਥੀ ਨੂੰ ਅਗੇ ਤੇ ਦਰੜ ਸੁਟੋ ਸੈਂਕੜੇ ਹਜ਼ਾਰਾਂ ਸਿਖਾਂ ਦੇ ਘੋੜੇ ਸਵਾਰਾਂ ਸਮੇਤ । ਬਾਕੀ ਫੌਜ ਨੂੰ ਖੇਚਲ ਹੀ ਨਾ ਕਰਨੀ ਪਵੇ। ਮੁਕ ਜਾਵੇ ਨਿਤ ਦਾ ਟੈਂਟਾ । ਤੁਸਾਂ ਤਾਂ ਅੱਜ ਦੇ ਸੌ ਸਿਖ ਆਪਣੇ ਹਥੀਂ ਮਾਰਨੇ ਹਨ। ਸਿਖ ਸਾਮ੍ਹਣੇ ਵੰਗਾਰ ਰਹੇ ਹਨ। ਏਦੂੰ ਵਧ ਸੋਹਣਾ ਮੌਕਿਆ ਫੇਰ ਕਦ ਮਿਲਣਾ ਹੈ ! ਲਸ਼ਕਰ ਵੀ ਤੁਹਾਡਾ ਬੇ-ਓੜਕ ਹੈ। ਸ਼ਹਿਨਸ਼ਾਹ ਸਲਾਮਤ ! ਪੁਟੋ ਦੋ ਕੁ ਕਦਮ, ਆ ਜਾਵੇ ਸਾਰੀ ਧਰਤੀ ਉਤੇ ਭੁਚਾਲ ਤੇ ਨਾਲ ਹੀ ਸਿਖਾਂ ਉਤੇ ਆਸਮਾਨ ਡੇਗ ਦਿਉ ! ਮਾਰ ਦਿਉ ਇਹ ਕਾਫ਼ਰ ਥਹਿ ਤੇ ਹੀ !!

ਤੱੜ੍ਹ ਮਾਰ ਲੈਣੀ ਤਾਂ ਬਹੁਤ ਸੌਖੀ ਹੈ, ਪਰ ਜਦ ਪੈ ਜਾਵੇ ਕਿਤੇ ਵਾਹ ਬਿਗਾਨਿਆਂ ਪੁਤਾਂ ਨਾਲ ਤੇ ਉਹ ਹੋਣ ਵੀ ਬੇਰੀ ਦੇ ਸੋਟਿਆਂ ਨਾਲ ਦੋ ਦੋ ਸ਼ੇਰ ਇੱਕੋ ਵਾਰ ਕੁਟ ਲੈਣ ਵਾਲੇ, ਤਾਂ ਫਿਰ ਦਿਨ-ਦੀਵੀਂ ਹੀ ਤਾਰੇ ਨਜ਼ਰ ਆਉਣ ਲੱਗ ਪੈਂਦੇ ਹਨ। ਅਹਿਮਦਸ਼ਾਹ ਤੇ ਉਸ ਦੇ ਸਾਰੇ ਲਸ਼ਕਰ ਨੂੰ ਸਾਮ੍ਹਣੇ ਮੁਕਾਬਲੇ ਤੇ ਸਿਖ ਖੜੇ ਵੇਖ ਕੇ ਭੰਭਰ-ਤਾਰੇ ਦਿਸ ਰਹੇ ਹਨ। ਚੱਕ ਨੂੰ ਜਾਣ ਦੀ ਬੜੀ ਕਾਹਲੀ ਸੀ। ਰੱਬ ਨੇ ਢੋਅ ਢੁਕਾਇਆ ਤੇ ਇਕ ਕੋਹ ਦੇ ਅੰਦਰ ਅੰਦਰ ਹੀ ਸਿੰਘਾਂ ਵੰਗਾਰ ਕੇ ਰਾਹ ਰੋਕ ਲਿਆ। ਹੁਣ ਜਦ ਵੇਲਾ ਆ ਗਿਆ ਕੁਝ ਕਰ ਵਿਖਾਉਣ ਦਾ ਤਾਂ ਦੀਨ ਦਾ ਰਾਖਾ ਆਪਣੇ ਸਾਰੇ ਸਰਦਾਰਾਂ ਤੇ ਲਸ਼ਕਰ ਨੂੰ, ਜੋ ਅੱਲਾ ਦੇ ਫਜ਼ਲ ਨਾਲ ਅੱਗੇ ਹੀ ਸਿੰਘਾਂ ਤੋਂ ਕੰਨੀਂ ਕਤਰਾਉਂਦੇ ਸਨ, ਕਿ ਫ਼ਲਾਣਿਆ, ਤੂੰ ਸੱਜੇ ਹੱਥ ਹੀ ਖੜੇ ਰਹਿਣਾ ਹੈ, ਅਮਕਿਆ, ਤੂੰ ਖੱਬੇ ਹਥੋਂ ਕਿਧਰੇ ਨਹੀਂ ਹਿਲਣਾ। ਤੁਸਾਂ ਕਦਮ ਅੱਗੇ ਨਹੀਂ ਪੁਟਣਾ। ਬੱਸ ਆਪਣੀਆਂ ਥਾਵਾਂ ਤੇ ਚੁਸਤੀ ਨਾਲ ਖੜੇ ਹੀ ਰਹੋ। ਕੋਈ ਪੁਛੇ, ਜੇ ਖਾਨ ਬਹਾਦਰੋ, ਤੁਸੀਂ ਆਪਣੀ ਆਪਣੀ ਥਾਂ ਤੇ ਖੜੇ ਹੀ ਰਹੇ ਤੇ ਇਕ ਵੀ ਕਦਮ ਅੱਗੇ ਨੂੰ ਨਾ ਪੁਟਿਆ ਤਾਂ ਸਿਖਾਂ ਤਾਈਂ ਕਿਵੇਂ ਅਪੜੋਗੇ ? ਘੜੀ ਕੁ ਪਹਿਲਾਂ ਦੀਨ ਦੀ ਲੜਾਈ ਦੇ ਨਾਮ ਤੇ ਕਿਲਕਾਰੀਆਂ ਮਾਰਨ ਵਾਲੇ ਤੇ ਹਾਲ ਹੂਲ ਮਚਾਉਣ ਵਾਲੇ ਦੁਸ਼ਮਣ ਨੂੰ ਸਾਮ੍ਹਣੇ ਵਧਿਆ ਆਉਂਦਾ ਵੇਖ ਕੇ ਇੰਜ ਗੁੰਮ ਸੁੰਮ ਹੋ ਗਏ ਜਿਵੇਂ ਉਨ੍ਹਾਂ ਦੇ ਭਾ ਦੀ ਕਿਆਮਤ ਹੀ ਆ ਗਈ ਹੋਵੇ। ਕਿਡਾ ਅਜਬ ਨਜ਼ਾਰਾ ਹੋਵੇਗਾ ਜਦ ਦੀਨ ਦਾ ਰਾਖਾ, ਦੁਨੀਆ ਦਾ ਅਜਿੱਤ ਜਰਨੈਲ, ਨਾਮਵਰ ਸ਼ਹਿਨਸ਼ਾਹ, ਆਪਣੇ ਲਸ਼ਕਰ ਤੇ ਸਰਦਾਰਾਂ ਨੂੰ ਆਪਣੇ ਸੱਜੇ ਖੱਬੇ ਖੜਾ ਕਰੀ, ਸੁੰਨ-ਮੁੰਨ ਖਲੋਤਾ ਹੋਵੇਗਾ। ਤੇ "ਕਾਫ਼ਰ ਸਿਖ" ਤੇਗਾਂ ਸੂਤੀ ਤੇ ਨੇਜ਼ੇ ਸਿਧੇ ਕਰੀ, ਹਥਾਂ ਵਿਚ ਤੋੜੇਦਾਰ ਬੰਦੂਕਾਂ ਲਈ ਦੁਰਾਨੀਆਂ ਦੀ ਸੈਨਾ ਨੂੰ ਵੰਗਾਰਦੇ ਹੋਏ ਵਧੀ ਆਉਂਦੇ ਹੋਣਗੇ !

ਕੀ ਜਵਾਬ ਹੈ ਉਨ੍ਹਾਂ ਪਖਪਾਤੀ ਇਤਿਹਾਸਕਾਰਾਂ ਪਾਸ, ਅਹਿਮਦਸ਼ਾਹ ਦੀ ਇਸ ਪਲ ਸਿੰਘਾਂ ਹਥੋਂ ਹੋ ਰਹੀ ਦੁਰਦਸ਼ਾ ਦਾ, ਜੋ ਉਸ ਦੀ ਫੋਕੀ ਵਡਿਆਈ ਕਰਦੇ ਨਹੀਂ ਥਕਦੇ, ਤੇ ਨਸਲ-ਦਰ-ਨਸਲ ਏਸੇ ਗੱਲ ਤੇ ਜ਼ੋਰ ਲਾਈ ਜਾ ਰਹੇ ਹਨ ਕਿ ਅਹਿਮਦਸ਼ਾਹ ਇਕ ਹਊਆ ਸੀ, ਉਸ ਦਾ ਕੋਈ ਜੋੜ ਨਹੀਂ, ਉਹ ਇਕ ਅਜਿੱਤ ਜਰਨੈਲ ਸੀ, ਉਹ ਯਿਹ ਸੀ, ਉਹ ਵੂਹ ਸੀ। ਇਹ ਉਹ ਲੋਕ ਹਨ ਜੋ ਖ਼ਾਲਸਾ ਜੀ ਦੀਆਂ ਸਹੀ ਘਾਲਣਾਂ ਬਾਰੇ ਇਕ ਅੱਖਰ ਵੀ ਲਿਖਣ ਨੂੰ ਤਿਆਰ ਨਹੀਂ। ਪਰਤੱਖ ਨੂੰ ਪ੍ਰਮਾਣ ਕੀ। ਕਾਇਰ ਤੇ ਅਕਿਰਤਘਣ ਕੇਵਲ ਗਾਲ੍ਹ ਦੇਣੀ ਜਾਂ ਨਿੰਦਿਆ ਕਰਨੀ ਹੀ ਜਾਣਦਾ ਹੈ, ਉਹ ਸੱਚ ਨੂੰ ਪੱਲੇ ਰਖ ਕੇ, ਸੱਚੀ ਉਸਤਤ ਨਹੀਂ ਕਰ ਸਕਦਾ।

ਜੋ ਇਹ ਨਹੀਂ ਕਰ ਸਕਦੇ ਉਹ ਸ਼ਿਖਾਂ ਦਾ ਵੈਰੀ ਲੇਖਿਕ ਭਲੀ ਭਾਂਤੀ ਕਰੀ ਜਾ ਰਿਹਾ ਹੈ। ਕਾਰਨ ? ਉਹ ਇਕ ਆਜ਼ਾਦ ਕੌਮ ਦਾ ਜੰਮ-ਪਲ ਹੈ, ਜਿਸ ਦੇ ਪਲੇ ਮਰਦਾਨਗੀ ਹੈ।

—ਸਵਰਨ ਸਿੰਘ]



www.AKJ.Org

ਕਾਜ਼ੀ ਜੀ :–

"ਇਸ ਤਰ੍ਹਾਂ ਲੜਾਈ ਆਰੰਭ ਹੋ ਕੇ ਭਖ ਪਈ ਸੀ। ਨਸੀਰਖਾਨ ਆਪਣੀ ਜਗ੍ਹਾ ਤੇ ਖੜਾ ਸੀ। ਏਨੇ ਨੂੰ ਪਾਤਸ਼ਾਹ ਵਲੋਂ ਇਕ ਸਵਾਰ ਆਇਆ ਤੇ ਦਸਿਆ ਕਿ ਪਾਤਸ਼ਾਹ ਸਲਾਮਤ, ਤੁਹਾਨੂੰ ਯਾਦ ਫੁਰਮਾਉਂਦੇ ਹਨ। ਨਸੀਰ ਖਾਨ ਉਸੇ ਵੇਲੇ ਬੜੀ ਤੇਜ਼ੀ ਨਾਲ ਪਾਤਸ਼ਾਹ ਦੇ ਹਜ਼ੂਰ ਪੁਜਾ ਤਾਂ ਉਨ੍ਹਾਂ ਕਿਹਾ, ਸੱਜੇ ਹੱਥ ਵਾਲੇ ਗ਼ਾਜ਼ੀਆਂ ਉਤੇ ਸਿਖਾਂ ਜ਼ੋਰ ਪਾ ਲਿਆ ਹੈ। ਇਹ ਗਾਜ਼ੀ ਕੁਝ ਦਲੇਰੀ ਤੇ ਕੁਝ ਹੰਕਾਰ-ਵੱਸ ਹੋ ਕੇ ਸਿਖਾਂ ਮਗਰ ਪੈ ਕੇ ਦੂਰ ਨਿਕਲ ਗਏ। ਇਸ ਲਈ ਉਨ੍ਹਾਂ ਦਾ ਆਪਣਾ ਪਾਸਾ ਖਾਲੀ ਹੋ ਗਿਆ, ਤੇ ਸਿਖ ਮੁੜ ਕੇ ਫ਼ੌਰਨ ਹਲਾ ਕਰਕੇ ਆਣ ਪਏ ਹਨ ਤੇ ਤੂੰ ਵੇਖ ਹੀ ਰਿਹਾ ਹੈਂ ਕਿ ਉਨ੍ਹਾਂ ਦਾ ਕਿਵੇਂ ਜ਼ੋਰ ਪੈ ਗਿਆ ਹੈ। ਵੇਖ, ਇਹ ਕਿਵੇਂ ਹੱਥਾਂ ਵਿਚ ਤੀਰ ਕਮਾਨਾਂ ਤੇ ਬੰਦੂਕਾਂ ਲਈ ਤਾਤਾਰੀ ਕਾਫ਼ਰਾਂ ਵਾਂਗ ਤੀਰਾਂ ਤੇ ਗੋਲੀਆਂ ਦਾ ਤਾਬੜ ਤੋੜ ਮੀਂਹ ਵਰ੍ਹਾ ਰਹੇ ਹਨ। ਕਦੇ ਬੜੀ ਫੁਰਤੀ ਨਾਲ ਸੱਜੇ ਪਾਸੇ ਹੱਲਾ ਕਰਦੇ ਹਨ, ਕਦੇ ਖੱਬੇ ਪਾਸੇ ਵੱਲ ਝਪਟਦੇ ਹਨ। ਮੈਂ ਤਾਂ ਇਨ੍ਹਾਂ ਦੀ ਦਲੇਰੀ ਵੇਖ ਕੇ ਦੰਗ ਰਹਿ ਗਿਆ ਹਾਂ। ਤੂੰ ਇਸ ਪਾਸੇ ਵੱਲ ਜਾ ਅਤੇ ਇਨ੍ਹਾਂ ਦੇ ਜ਼ੋਰ ਨੂੰ ਠਲ੍ਹ ਪਾ। ਠੀਕ ਹੈ, ਤੂੰ ਮੈਦਾਨ ਵਿਚ ਸ਼ੇਰ ਮਰਦ ਹੈਂ, ਪਰ ਵੇਖੀਂ, ਸਿਖਾਂ ਨਾਲ ਜੰਗ ਵਿਚ ਜਲਦ-ਬਾਜ਼ੀ ਨਾ ਕਰੀਂ। ਤੈਨੂੰ ਕਸਮ ਹੈ ਕਿ ਆਪਣਾ ਪੈਂਤੜਾ ਛੱਡ ਕੇ ਅੱਗੇ ਨਾ ਵਧੀਂ। ਤੂੰ ਵੈਰੀ ਦੇ ਪਿਛੇ ਉਸ ਵੱਲ ਨਾ ਜਾਈਂ, ਉਹ ਆਪ ਤੇਰੇ ਪਾਸ ਆਵੇਗਾ। ਇਹ ਵੈਰੀ ਬੜੇ ਮਾਣ-ਮੱਤੇ ਤੇ ਡਾਢੇ ਹਨ ਅਤੇ ਜੰਗ ਦੇ ਮੈਦਾਨ ਵਿਚ ਅੱਗ ਦੇ ਭਾਂਬੜਾਂ ਵਾਂਗ ਭੜਕ ਉਠਦੇ ਹਨ। ਇਹ ਹੀ ਨਹੀਂ, ਬਲਕਿ ਇਨ੍ਹਾਂ ਦੇ ਪਿਉ-ਦਾਦਿਆਂ, ਜਿਨ੍ਹਾਂ ਯੁਧਾਂ ਵਿਚ ਸੂਰਮਗਤੀ ਦਾ ਬੜਾ ਨਾਮਣਾ ਖਟਿਆ ਸੀ, ਦੀ ਵੀ ਇਹੋ ਆਦਤ ਸੀ ਕਿ ਲੜਾਈ ਦੇ ਮੈਦਾਨ ਵਿਚ ਇਕ-ਦੱਮ ਛਾਲਾਂ ਮਾਰਦੇ ਆਉਂਦੇ ਹੁੰਦੇ ਸਨ ਅਤੇ ਇਕੱਲੇ ਇਕੱਲੇ ਹੀ ਦੁਸ਼ਮਣ ਦੀਆਂ ਫੌਜਾਂ ਉਤੇ ਟੁਟ ਪੈਂਦੇ ਸਨ।"

**ਨੋਟ** :–ਖਾਲਸੇ ਦੀ ਤਾਕਤ, ਦਲੇਰੀ ਤੇ ਨਿਡਰਤਾ ਦਾ ਲੋਹਾ ਅਹਿਮਦ ਸ਼ਾਹ ਵੀ ਮੰਨਦਾ ਹੈ। ਉਹ ਨਸੀਰ ਖ਼ਾਨ ਨੂੰ ਕਸਮਾਂ ਦੇ ਦੇ ਕੇ ਇਹੋ ਪੱਕੀਆਂ ਕਰੀ ਜਾਂਦਾ ਹੈ ਕਿ ਇਨ੍ਹਾਂ ਸਿਖਾਂ ਤੋਂ ਬਚੋ, ਬਚੋ, ਬਚ ਜਾਉ ਜੇ ਬੱਚ ਸਕਦੇ ਹੋ ਤਾਂ। ਉਹ ਐਵੇਂ ਆਪਣੇ ਸਰਦਾਰਾਂ ਤੇ ਫੌਜ ਨੂੰ ਤਾਕੀਦਾਂ ਨਹੀਂ ਕਰਦਾ ਫਿਰਦਾ! ਉਹ ਖਾਲਸੇ ਦੇ ਹੱਥ ਨਾਦਰ ਸ਼ਾਹ ਦੇ ਹੱਲੇ ਦੇ ਵੇਲੇ ਵੇਖ ਚੁਕਿਆ ਸੀ ਤੇ ਫਿਰ 1748 ਈ: ਤੋਂ ਵੇਖਦਾ ਆ ਰਿਹਾ ਸੀ। ਉਸ ਨੂੰ ਪਤਾ ਸੀ ਕਿ ਸਿਖਾਂ ਨਾਲ ਲੜਾਈ ਵਿਚ ਕੀਤੀ ਜਲਦੀ ਕਿਸ ਭਾ ਪਵੇਗੀ ਤੇ ਉਨ੍ਹਾਂ ਦੇ ਨਜ਼ਦੀਕ ਜਾਣਾ ਕਿਡਾ ਖ਼ਤਰਨਾਕ ਹੈ। ਉਨ੍ਹਾਂ ਦੇ ਅੱਗੇ ਲੱਗ ਕੇ ਭੱਜੇ ਜਾਂਦਿਆਂ ਦੇ ਪਿਛੇ ਪੈਣਾ ਮੌਤ ਦੇ ਮੂੰਹ ਵਿਚ ਹੀ ਜਾਣਾ ਹੈ। ਸਿੰਘਾਂ ਦਾ ਅੱਗੇ ਲੱਗ ਕੇ ਭਜ ਉਠਣਾ ਇਕ ਜੰਗੀ ਚਾਲ ਹੁੰਦੀ ਸੀ, ਜਿਸ ਨੂੰ ਉਹ ਬੜੀ ਖ਼ੂਬੀ ਨਾਲ ਵਰਤਦੇ ਸਨ। ਗਾਜ਼ੀ ਜੋਸ਼ ਵਿਚ ਆ ਕੇ ਕਿ ਸਿਖ ਹਾਰ ਕੇ ਭੱਜ ਉਠੇ ਹਨ, ਉਨ੍ਹਾਂ ਦੇ ਮਗਰ ਪੈ ਜਾਂਦੇ। ਜਦ ਫ਼ੌਜ ਦੇ ਵੱਡੇ ਹਿਸੇ ਤੋਂ ਉਨ੍ਹਾਂ ਨੂੰ ਕਾਫ਼ੀ ਦੂਰ ਲੈ ਆਉਂਦੇ, ਜਿਥੇ ਛੇਤੀ ਪਿਛੋਂ ਮਦਦ ਨਾ ਮਿਲ ਸਕੇ, ਉਹ ਇਕ-ਦਮ ਵਾਪਸ ਪਲਟ ਕੇ ਦੁਸ਼ਮਣ ਨੂੰ ਐਸੇ ਨਰਗੇ ਵਿਚ ਲੈ ਲੈਂਦੇ ਕਿ ਉਸ ਦਾ ਜ਼ਿੰਦਾ ਬਚ ਨਿਕਲਣਾ ਬਿਲਕੁਲ ਅਸੰਭਵ ਹੋ ਜਾਂਦਾ। ਅੱਖ ਦੇ ਪਲਕਾਰੇ ਵਿਚ ਦੁਸ਼ਮਣ ਨੂੰ ਪੁਰਜ਼ਾ ਪੁਰਜ਼ਾ ਕਰ ਕੇ ਧਰਤੀ ਤੇ ਖਿਲਾਰ ਦਿੰਦੇ। ਇੰਜ ਜਦ ਵੀ ਗਾਜ਼ੀ ਸਿੰਘਾਂ ਦੇ ਪਿਛੇ ਪਏ, ਕਦੀ ਜ਼ਿੰਦਾ ਵਾਪਸ ਨਾ ਪਰਤੇ। ਨਸੀਰ ਖਾਨ ਦੀ ਬੜੀ ਖੁਸ਼-ਕਿਸਮਤੀ ਸੀ ਜੋ ਉਹ ਇਸ ਨਰਗੇ ਵਿਚੋਂ ਜ਼ਿੰਦਾ ਬਚ ਗਿਆ। ਪਰ ਉਸ ਨੂੰ ਇਹ ਸਿਖਿਆ ਸਬਕ ਫਿਰ ਸਾਰੀ ਉਮਰ ਨਹੀਂ ਭੁਲਿਆ। ਅਗਲੀਆਂ ਛੇ ਦਿਨਾਂ ਦੀਆਂ ਲੜਾਈਆਂ ਵਿਚ ਉਸ ਨੇ ਦੁਬਾਰਾ ਇਹ ਸਿੰਘਾਂ ਦੇ ਪਿਛੇ ਪੈਣ ਵਾਲੀ ਭੁਲ ਨਹੀਂ ਕੀਤੀ।

–ਸਵਰਨ ਸਿੰਘ]



www.AKJ.Org

ਕਾਜ਼ੀ ਜੀ ਲਿਖਦੇ ਹਨ :—

"ਨਸੀਰ ਖਾਨ ਕੁਝ ਫੌਜ ਲੈ ਕੇ ਪਾਤਸ਼ਾਹ ਦੇ ਸੱਜੇ ਹੱਥ ਵਾਲੀ ਫੌਜ ਦੀ ਸਹਾਇਤਾ ਲਈ ਚਲਿਆ ਗਿਆ। ਆਪਣੇ ਬਲੋਚ ਸਰਦਾਰਾਂ ਨੂੰ ਅਖਵਾ ਘਲਿਆ ਕਿ ਆਪਣੀ ਆਪਣੀ ਥਾਂ ਤੇ ਡਟੇ ਰਹਿਣ ਤੇ ਇਸ ਖਬੇ ਪਾਸੇ ਦਾ ਪੂਰੀ ਤਰ੍ਹਾਂ ਧਿਆਨ ਰਖਣ। ਇਧਰ ਖੱਬੇ ਪਾਸੇ ਚੜ੍ਹਤ ਸਿੰਘ ਜਦ ਹੱਲੇ ਕਰ ਕਰ ਪੈਂਦਾ ਸੀ ਤਾਂ ਬਲੋਚ ਸੂਰਮਿਆਂ ਨੇ ਐਸੀਆਂ ਬੰਦੂਕਾਂ ਚਲਾਈਆਂ ਤੇ ਤਲਵਾਰਾਂ ਵਾਹੀਆਂ ਕਿ ਦੁਸ਼ਮਣ ਪਿਛੇ ਹਟ ਜਾਂਦਾ ਰਿਹਾ।

ਸਿਖਾਂ ਨੇ ਇਸ ਪਾਸੇ ਬਲੋਚਾਂ ਉਤੇ ਬੜੇ ਹਲੇ ਕੀਤੇ, ਪਰ ਇਹ ਗਾਜ਼ੀ ਲੋਹੇ ਦੇ ਪਹਾੜ ਵਾਂਗ ਪੈਰ ਗੱਡੀ ਖੜੇ ਰਹੇ। ਜਦ ਸਿਖਾਂ ਨੇ ਇਹ ਵੇਖਿਆ ਕਿ ਇਹ ਦੀਨ ਦੇ ਸ਼ੇਰ ਆਪਣੀ ਥਾਂ ਤੋਂ ਹਿਲਦੇ ਹੀ ਨਹੀਂ..... (ਇਸ ਤੋਂ ਅੱਗੇ ਅਸਲ ਕਿਤਾਬ ਵਿਚੋਂ ਇਕ ਵਰਕਾ, ਭਾਵ ਪੂਰੇ ਦੋ ਸਫ਼ੇ ਗੁੰਮ ਹੋਏ ਹਨ। ਇਸ ਲਈ ਕੁਝ ਨਹੀਂ ਕਿਹਾ ਜਾ ਸਕਦਾ ਕਿ ਬਲੋਚਾਂ ਨੂੰ ਥਾਂ ਤੋਂ ਉਖੇੜਨ ਵਾਸਤੇ ਉਨ੍ਹਾਂ ਦੀਆਂ ਸਫ਼ਾਂ ਵਿਚ ਵੜ ਕੇ ਸ ਚੜ੍ਹਤ ਸਿੰਘ ਤੇ ਉਸ ਦੀ ਸੈਨਾ ਨੇ ਕੀ ਕੁਝ ਕੀਤਾ ਤੇ ਕੀ ਸਿੱਟਾ ਨਿਕਲਿਆ। ਕੁਝ ਪਤਾ ਨਹੀਂ ਲਗਦਾ।

—ਸਵਰਨ ਸਿੰਘ) [ਚਲਦਾ

---

# ਸਾਹਿਬਜ਼ਾਦਿਆਂ ਦੇ ਵਿਆਹ

[ਵਲੋਂ—ਸ: ਰਾਜਿੰਦਰ ਸਿੰਘ ਜੀ ਐਮ. ਏ. ਅਫ਼ਰੀਕਾ]

ਮਾਤਾ ਜੀਤੋ ਨੇ ਜਦ ਆਖਿਆ ਸੀ, "ਲਾਲਾਂ ਦੀ ਸ਼ਾਦੀ ਕਰ ਲਓ ਜੀ।"
ਕਲਗੀਧਰ ਹੱਸ ਕੇ ਕਹਿਣ ਲੱਗੇ, "ਲਾਲਾਂ ਦੀ ਸ਼ਾਦੀ ਸੁਣ ਲਓ ਜੀ।"
ਅਜੀਤ ਅਤੇ ਜੁਝਾਰ ਦੋਵੇਂ, ਇਹ ਮੰਗੇ ਵਿੱਚ ਚਮਕੌਰ ਗਏ।
ਲਾੜੀ-ਮੌਤ ਨੂੰ ਵਰਨ ਦੇ ਲਈ, ਬਣ ਲਾੜੇ ਇਹ ਸਰਦਾਰ ਗਏ।
ਇਨ੍ਹਾਂ ਮਹਿੰਦੀ ਲਹੂ ਦੀ ਲਾਣੀ ਏ, ਤੇ ਵਟਣਾ ਨਾਮ ਦਾ ਮਲਣਾ ਏ।
ਜੰਞ ਕਾਰਾਂ ਵਿੱਚ ਨਾ ਜਾਇਗੀ, ਇਨ੍ਹਾਂ ਘੋੜਿਆਂ ਉਤੇ ਚੜ੍ਹਨਾ ਏ।
ਅੱਗੇ ਵਾਜਾ ਵੀ ਤਦ ਵੱਜੇਗਾ ਜਦ ਚੋਟ ਦਮਾਮੇ ਪੈਣੀ ਏ।
ਤਦ ਠਾਹ-ਠਾਹ ਆਤਸ਼ਬਾਜ਼ੀ ਇਹ, ਜਦ ਤੀਰ ਤੇ ਤੇਗ਼ ਚੱਲਣੀ ਏ।
ਜ਼ੋਰਾਵਰ ਫਤਹ ਸਿੰਘ ਛੋਟੇ ਜੋ, ਇਹ ਵਿੱਚ ਸਰਹੰਦ ਦੇ ਮੰਗ ਲਏ ਨੇ।
ਝੰਡਾ ਧਰਮ ਝੁਲਾਣ ਦੇ ਲਈ, ਵਿੱਚ ਰੰਗ ਸ਼ਹੀਦੀ ਰੰਗ ਲਏ ਨੇ।
ਛੋਟੇ ਨਹੀਂ ਇਹ ਸੂਰੇ ਨੇ, ਜੋ ਹੂਰ-ਮੌਤ ਦੇ ਲਾੜੇ ਨੇ।
'ਦੁਸ਼ਟ—ਵਜੀਦ ਤੋਂ ਡਰਨਾ ਨਹੀਂ', ਮੈਂ ਚੰਗੀ ਤਰ੍ਹਾਂ ਇਹ ਤਾੜੇ ਨੇ।
ਜਲਾਦ ਚੌਰ ਕਰੇਗਾ ਫਿਰ, ਅਨੰਦ ਦੀਵਾਰ 'ਚ ਹੋਣੇ ਨੇ।
ਮਰਨਾ ਨਹੀਂ ਮੇਰਿਆਂ ਲਾਲਾਂ ਨੇ, ਇਹ ਅਮਰ ਸਦਾ ਲਈ ਹੋਣੇ ਨੇ।
ਜੰਞ ਬਹੁਤੀ ਨੇ ਜਾਣਾ ਨਹੀਂ, ਜੰਞ ਤਿੰਨਾਂ ਦੀ ਹੀ ਜਾਏਗੀ।
ਵੱਡਿਆਂ ਦੀ ਜੰਞੇ ਮੈਂ ਜਾਵਾਂ, ਛੋਟਿਆਂ ਨਾਲ ਮਾਤਾ ਜਾਏਗੀ।
ਮੇਰੇ ਕੋਲ ਐਨਾ ਵਕਤ ਨਹੀਂ, ਦੋ ਜੰਞਾਂ ਮੈਂ ਨਹੀਂ ਜਾ ਸਕਦਾ।
ਭਾਣਾ ਅਕਾਲ ਦਾ ਹੈ ਇਹੋ, ਮੈਂ ਭਾਣਾ ਨਹੀਂ ਉਲਟਾ ਸਕਦਾ।
ਡੋਲੀ ਨੇ ਇੱਥੇ ਆਣਾ ਨਹੀਂ, ਡੋਲੀ ਨੇ ਸੱਚਖੰਡ ਜਾਣਾ ਏਂ।
ਅਕਾਲਪੁਰਖ ਦੀ ਜੋਤ ਦੇ ਵਿੱਚ, ਜਦ ਜੋਤੀ-ਜੋਤ ਸਮਾਣਾ ਏਂ।"



www.AKJ.Org

# ਉਹ ਦਸਮੇਸ਼ ਗੁਰੂ ਅੱਜ ਪ੍ਰਗਟਾਏ ਹੈਂ

[ਗਿਆਨੀ ਸਰੂਪ ਸਿੰਘ 'ਦਰਵੇਸ਼' ਓ. ਟੀ. ਪੈਨਸ਼ਨਰ, ਖੰਨਾ]

ਪੋਹ ਸੁਦੀ ਸਤਵੀਂ ਨੂੰ ਆਣ ਦਸ਼ਮੇਸ਼ ਜੀ ਨੇ, ਹਿੰਦ ਵਿਚ ਝੰਡਾ ਧਰਮ ਦਾ ਝੁਲਾਇਆ ਸੀ।
ਮਾਰ ਮਾਰ ਵੈਰੀਆਂ ਨੂੰ ਮਾਰ ਕੇ ਫਨਾਹ ਕੀਤਾ, ਆਇਆ ਜੋ ਸ਼ਰਨ ਤਿਸੈ ਕੰਠ ਨੂੰ ਲਗਾਇਆ ਸੀ।
ਮਾਤਾ ਪਿਤਾ, ਲਖਾਂ ਸਿੰਘ ਮਗਰ ਪ੍ਰਵਾਰ ਸਾਰਾ, ਹਿੰਦ ਉਤੋਂ ਛਿਨ ਵਿਚ ਘੋਲ ਹੀ ਘੁਮਾਇਆ ਸੀ।
ਆਓ ਵੀਰ ਭੈਣ ਤੇ ਵਧਾਈ ਦੇਵੋ ਮਿਲ ਸਾਰੇ, ਆਉਣ ਵਾਲੇ ਅਜ, ਪੰਥ ਖਾਲਸਾ ਸਜਾਇਆ ਸੀ।੧।

ਸਿਜਦਾ ਕਰਾਇਆ ਆਨ ਪੀਰਾਂ ਤੇ ਫਕੀਰਾਂ ਕੋਲੋਂ, ਹੱਥ ਰਖ ਕੁਜੀਆਂ ਤੇ ਭਰਮ ਨੂੰ ਮਿਟਾਇਆ ਸੀ।
ਪਟਨੇ ਸ਼ਹਿਰ ਵਿਚ ਲੈ ਕੇ ਅਵਤਾਰ ਸੋਹਣਾ, ਡੇਰਾ ਆਣ ਗੁਰ-ਪੁਰੀ ਅਨੰਦ ਮੇਂ ਲਗਾਇਆ ਸੀ।
ਜ਼ਾਲਮਾਂ ਦੇ ਨਾਲ ਭਾਈ ਜਦੋਂ ਕਦੇ ਯੁੱਧ ਹੋਇਆ, ਲਖ ਲਖ ਨਾਲ ਸਿੰਘ ਇੱਕ ਨੂੰ ਲੜਾਇਆ ਸੀ।
ਆਓ 'ਦਰਵੇਸ਼' ਨਾਲ ਰਲ ਕੇ ਵਧਾਈ ਦੇਵੋ, ਆਉਣ ਵਾਲੇ ਅੱਜ ਪੀਰ ਉੱਚ ਦਾ ਕਹਾਇਆ ਸੀ।੨।

ਪਹਿਰਾ ਦੇ ਕੇ ਸਾਰੀ ਰਾਤ,ਧਰਮ ਨੂੰ ਬਚਾਇਆ ਗੁਰੂ, ਮਾਛੀਵਾੜੇ ਪੈਰਾਂ ਵਿਚ ਕੰਡਿਆਂ ਚੁਭਾਇਆ ਸੀ।
ਜਿੰਨ ਭੂਤ, ਥੀਰ ਵਸ਼ ਹੋਰ ਸੀ ਅਨੇਕ ਜਿਹਦੇ, ਅੰਮ੍ਰਿਤ ਛਕਾ ਕੇ ਉਹਨੂੰ ਸਿੱਧੇ ਰਾਹ ਪਾਇਆ ਸੀ।
ਗੀਦੀਆਂ ਡਰਾਕਲਾਂ ਨੂੰ ਆਣ ਕੇ ਬਣਾਇਆ ਸ਼ੇਰ, ਚਿੜੀਆਂ ਦੇ ਕੋਲੋਂ ਗੁਰਾਂ ਬਾਜ਼ਾਂ ਨੂੰ ਤੁੜਾਇਆ ਸੀ।
ਆਓ ਵੀਰ ਭੈਣ ਤੇ ਵਧਾਈ ਦੇਵੋ ਮਿਲ ਸਾਰੇ, ਆਉਣ ਵਾਲੇ 'ਦਰਵੇਸ਼' ਅੱਜ ਹਿੰਦ ਨੂੰ ਬਚਾਇਆ ਸੀ।੩।

ਜੰਗਲਾਂ 'ਚੋਂ ਮਾਛੀਵਾੜੇ ਟਿੰਡ ਦਾ ਸਰ੍ਹਾਣਾ ਲਾ ਕੇ, ਮਿੱਤਰ ਪਿਆਰੇ ਤਾਈਂ ਹਾਲ ਕੋ ਸੁਣਾਏ ਹੈਂ।
ਮਹਾਂ ਸਿੰਘ ਵਾਲੀ ਟੁੱਟੀ ਗੰਢਣੇ ਨੂੰ ਆਪ ਆਏ, ਕਿਤੇ ਕਈ ਸਿੰਘਾਂ ਵਾਲੇ ਧਰਮ ਕੋ ਬਚਾਏ ਹੈਂ।
ਰਾਜਨੀਤੀ ਵਾਲਾ ਸਾਨੂੰ ਸਬਕ ਸਿਖਾਉਣ ਲਈ, ਭੇਸ ਬਦਲਾ ਕੇ ਪੀਰ ਉੱਚ ਦੇ ਕਹਾਏ ਹੈਂ।
'ਆਪ ਬਾਝੋਂ ਧਰਮੀ ਨਾ ਦਿੱਸੇ, ਪਿਤਾ' ਜਿਨ੍ਹਾਂ ਕਿਹਾ, ਉਹ ਦਸਮੇਸ਼ ਗੁਰੂ ਅੱਜ ਪ੍ਰਗਟਾਏ ਹੈਂ।੪।

ਦਸੋ ਕੋਈ ਦੁਨੀਆ ਚੋਂ ਪੀਰ ਅਵਤਾਰ ਵੱਡਾ, ਅੱਖਾਂ ਅੱਗੇ ਪੁੱਤ ਜਿਨ੍ਹਾਂ ਆਪਣੇ ਕੁਹਾਏ ਹੈਂ।
ਬਲੀਆਂ ਦਾ ਬਲੀ ਆਇਆ,ਪੀਰਾਂ ਦਾ ਪੀਰ ਆਇਆ,ਤਾਹੀਓਂ ਨਰ ਨਾਰੀ ਅਜ ਖੂਬ ਹੁਲਸਾਏ ਹੈਂ।
ਨਿਤਨੇਮ ਭੁਲ ਗਏ, ਨਾ ਰਹਿਤ ਦੀ ਹੈ ਸੂਝ ਸਾਨੂੰ, ਆਪੋ ਆਪ ਰਾਹ ਕਈਆਂ ਆਪ ਹੀ ਚਲਾਏ ਹੈਂ।
ਬਸ 'ਦਰਵੇਸ਼' ਆਖੇ ਕੋਈ ਨਹੀਂ ਹੋਰ ਵੱਡਾ, ਵਡੇ ਦਸਮੇਸ਼ ਗੁਰੂ ਅੱਜ ਪ੍ਰਗਟਾਏ ਹੈਂ।

---

## ਪਿੰਡ ਦਧਾਹੂਰ (ਸੰਗਰੂਰ) ਵਿਖੇ ਅਖੰਡ ਕੀਰਤਨ ਸਮਾਗਮ

ਪਿਛਲੇ ਸਾਲ ਵਾਂਗ ਦਧਾਹੂਰ ਦੇ ਨਹਿਰ ਦੇ ਪੁਲ ਤੋਂ ਗਰਾਊਂਡ ਵਿਚ 24-25-26 ਜਨਵਰੀ ਨੂੰ ਕੀਰਤਨ ਸਮਾਗਮ ਹੋ ਰਹੇ ਹਨ, ਜਿਸ ਵਿਚ ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ। 25 ਜਨਵਰੀ ਦੀ ਰਾਤ ਨੂੰ ਅੰਮ੍ਰਿਤ-ਸੰਚਾਰ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਦਧਾਹੂਰ, ਰਾਏਕੋਟ ਬਰਨਾਲਾ ਸੜਕ ਤੇ ਰਾਏਕੋਟ ਤੋਂ ਦੂਜਾ ਅੱਡਾ ਹੈ।

**ਪੁਛ ਗਿੱਛ ਲਈ**—ਮਾਸਟਰ ਸੁਖਦੇਵ ਸਿੰਘ, ਹਾਈ ਸਕੂਲ ਦਧਾਹੂਰ, ਬਰਾਸਤਾ ਮਹਿਲ ਕਲਾਂ (ਸੰਗਰੂਰ)

---

## ਮੁਹਾਲੀ (ਚੰਡੀਗੜ੍ਹ) ਵਿਖੇ ਦਿਵਸ ਸੁਹੇਲਾ ਕੀਰਤਨ

ਭਾਈ **ਅਮੋਲਕ ਸਿੰਘ** ਖਾਲਸਾ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ 18 ਜਨਵਰੀ ਐਤਵਾਰ ਨੂੰ ਦਿਵਸ ਸੁਹੇਲਾ ਕੀਰਤਨ **ਹੋਵੇਗਾ।** ਸਮੂਹ ਪਿਆਰੇ ਦਰਸ਼ਨ ਦੇ ਕੇ ਸੱਚੇ ਸੁੱਚੇ ਲਾਹੇ ਬਖਸ਼ਣ ਅਤੇ ਕੀਰਤਨ ਦੇ ਰਸ ਮਾਣਨ।

**ਪ੍ਰਾਰਥਕ ਦਾਸ—ਅਮੋਲਕ** ਸਿੰਘ ਖਾਲਸਾ ਸਪੁਤਰ ਸ: ਨਿਰੰਜਨ ਸਿੰਘ ਖਾਲਸਾ, ਫੇਜ਼ I, ਐਚ. 489, ਮੁਹਾਲੀ (ਚੰਡੀਗੜ੍ਹ)



www.AKJ.Org

# ਇਸੁ ਮਨ ਕਉ ਕੋਈ ਖੋਜਹੁ ਭਾਈ

[ਭਾਈ ਸਾਹਿਬ ਜੁਗਿੰਦਰ ਸਿੰਘ ਜੀ ਤਲਵਾੜਾ]

ਮਨੁੱਖੀ ਸਰੀਰ ਨੂੰ ਜੇ ਇਕ ਘੋੜਾ ਮਿਥਿਆ ਜਾਏ ਤਾਂ ਇਸ ਦਾ ਕੋਚਵਾਨ ਮਨ ਹੈ। ਮਨੁਖੀ ਸਰੀਰ ਦੇ ਕਰਮ-ਇੰਦਰੇ ਹੱਥ, ਪੈਰ, ਮੂੰਹ ਆਦਿ ਅਤੇ ਗਿਆਨ-ਇੰਦਰੇ ਅੱਖਾਂ, ਕੰਨ, ਨੱਕ, ਚਮੜੀ ਆਦਿ ਮਨ ਦੀ ਕਮਾਨ ਹੇਠ ਕੰਮ ਕਰਦੇ ਹਨ। ਬਾਹਰਲੇ ਨਜ਼ਾਰਿਆਂ ਜਾਂ ਬਾਹਰਲੀਆਂ ਘਟਨਾਵਾਂ ਦੇ ਸੁਨੇਹੇ ਗਿਆਨ-ਇੰਦਰੇ ਮਨ ਨੂੰ ਲਿਆ ਕੇ ਦੇਂਦੇ ਹਨ। ਅੱਖਾਂ ਦਸਦੀਆਂ ਹਨ ਫਲਾਣਾ ਆਇਆ ਹੈ, ਕੰਨ ਦਸਦੇ ਹਨ ਐਹ ਗੱਲ ਹੋ ਰਹੀ ਹੈ, ਜੀਭ ਦਸਦੀ ਹੈ ਇਹ ਚੀਜ਼ ਕੌੜੀ ਹੈ, ਇਹ ਮਿੱਠੀ ਹੈ। ਮਨ ਆਪ ਕੁਝ ਨਹੀਂ ਕਰਦਾ। ਗਿਆਨ-ਇੰਦਰਿਆਂ ਦੁਆਰਾ ਸੂਚਨਾ ਲੈ ਕੇ ਇਹ ਸਾਰੀ ਕਿਰਿਆ ਕਰਮ-ਇੰਦਰਿਆਂ ਰਾਹੀਂ ਕਰਵਾਉਂਦਾ ਹੈ।

ਮਨੁੱਖ ਦੀ ਹਰ ਪੱਖ ਵਿਚ ਤਰੱਕੀ ਜਾਂ ਤ੍ਰੁੱਟੀ ਦਾ ਨਿਰਭਰ ਮਨ ਉਤੇ ਹੈ। ਜੇ ਮਨ ਉਸਾਰੂ ਵਿਚਾਰ ਚਿਤਵਨ ਕਰੇ ਤਾਂ ਮਨੁੱਖ ਅਵੱਸ਼ ਤਰੱਕੀ ਕਰੇਗਾ, ਪਰ ਇਸ ਦੇ ਉਲਟ ਜੇ ਮਨ ਢਾਹੂ ਜਾਂ ਮਾਰੂ ਰੁਚੀਆਂ ਉਤਪੰਨ ਕਰੇ ਤਾਂ ਮਨੁਖ ਅਧੋਗਤੀ ਵਿਚ ਜਾਵੇਗਾ।

ਅਧਿਆਤਮਕ ਖੇਤਰ ਵਿਚ ਤਰੱਕੀ ਦਾ ਨਿਰਭਰ ਸਾਰਾ ਮਨ ਉਤੇ ਹੈ, ਕਿਉਂਕਿ ਸਾਰਾ ਨਿਬੇੜਾ ਭਾਵਨਾ ਉਤੇ ਹੈ। ਜੇ ਮਨ ਸਾਥ ਨਾ ਦੇਵੇ ਤਾਂ ਸਰੀਰ ਦੀ ਸਾਰੀ ਕਿਰਿਆ ਕਰਮ-ਕਾਂਡ ਬਣ ਕੇ ਰਹਿ ਜਾਂਦੀ ਹੈ। ਏਸੇ ਲਈ ਅਧਿਆਤਮਵਾਦ ਵਿਚ ਮਨ ਬੜਾ ਮਹੱਤਵ ਰਖਦਾ ਹੈ, ਪਰ ਚੂੰਕਿ ਮਨ ਦਿਸਦਾ ਨਹੀਂ ਇਸ ਲਈ ਸਧਾਰਨ ਜਗਿਆਸੂ ਭੰਭਲ-ਭੂਸਿਆਂ ਵਿਚ ਪਿਆ ਰਹਿੰਦਾ ਹੈ।

ਸੋ ਮਨ ਬਾਰੇ ਠੀਕ ਗਿਆਨ ਹੋਣਾ ਜਗਿਆਸੂ ਲਈ ਅਤੀਅੰਤ ਲਾਭਕਾਰੀ ਹੈ। ਗੁਰਬਾਣੀ ਵਿਚ ਮਨ ਬਾਰੇ ਬਹੁਤ ਗਿਆਨ ਦਿਤਾ ਹੋਇਆ ਹੈ। ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਅਧਾਰ ਤੇ ਇਸ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਜਾਂਦਾ ਹੈ।

**ਪ੍ਰਸ਼ਨ** :—ਪਾਤਸ਼ਾਹ ! ਮਨ ਦਾ ਸਰੂਪ ਕੀ ਹੈ ?

**ਉੱਤਰ** :—ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ......॥੫॥

ਆਸਾ ਮ: ੩ ਛੰਤ, ਪੰਨਾ ੪੪੧

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ...॥੪॥੭॥

ਗੂਜਰੀ ਮ: ੩ ਪੰਚਪਦੇ, ਪੰਨਾ ੪੯੧

ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥੫॥

ਸੂਹੀ ਮ: ੩, ਪੰਨਾ ੭੫੪

**ਵਿਚਾਰ** :—ਮਨ ਜੋਤਿ ਹੈ, ਸ਼ਕਤੀ ਹੈ। ਮਨ ਦੀ ਘਾੜਤ ਪੰਜਾਂ ਤੱਤਾਂ ਵਾਲੀ ਨਹੀਂ। ਇਹ ਪਰਮ-ਤੱਤ ਦੀ ਘਾੜਤ ਵਾਲੀ ਵਸਤੂ ਹੈ ਤੇ ਪਰਮ-ਜੋਤਿ ਦੀ ਅੰਸ਼ ਹੈ। ਮੂਲ ਰੂਪ ਵਿਚ ਮਨ ਇਕ ਸ਼ਕਤੀ-ਸ਼ਾਲੀ ਸੱਤਾ ਹੈ। ਪਰਮ-ਸੱਤਾ ਦੀ ਅੰਸ਼ ਹੋਣ ਦੇ ਨਾਤੇ ਇਹ ਦੇਸ਼ ਕਾਲ ਦੀਆਂ ਹਦਾਂ ਦੀ ਕੈਦ ਤੋਂ ਮੁਕਤ ਹੈ। ਇਹ ਮਨ ਇਕ ਛਿਨ ਭਰ ਵਿਚ ਤਿੰਨਾਂ ਭਵਨਾਂ ਦਾ ਚਕਰ ਕੱਟ ਆਉਂਦਾ ਹੈ, ਦੂਰੀ ਇਸ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ। ਫਿਰ ਪਲ ਵਿਚ ਇਹ ਟਪੂਸੀ ਮਾਰ ਕੇ ਬੀਤੇ ਕਾਲ ਵਿਚ ਜਾ ਪੁਜਦਾ ਹੈ ਤੇ ਬੀਤੀਆਂ ਘਟ-ਨਾਵਾਂ ਦਾ ਅਨੰਦ ਮਾਣ ਆਉਂਦਾ ਹੈ। ਸਕਿੰਟ ਵਿਚ ਆਉਣ ਵਾਲੇ ਕਾਲ ਵਲ ਧਾਈ ਕਰ ਕੇ ਭਵਿਖ ਬਾਰੇ ਪਲਾਨਾਂ ਘੜਦਾ ਹੈ। ਮਨ ਨੂੰ ਅੱਗੇ ਪਿਛੇ ਜਾਣ ਵਿਚ ਕੋਈ ਰੁਕਾਵਟ ਨਹੀਂ ਤੇ ਨਾ ਹੀ ਕੋਈ ਦੇਰ ਲਗਦੀ ਹੈ। ਮਨੁੱਖ ਦਾ ਬਣਾਇਆ ਪ੍ਰਮਾਣੂ-ਰਾਕਟ ਇਕ ਵੱਡਾ ਅਜੂਬਾ ਹੈ, ਪਰ ਉਸ ਦੀ ਸ਼ਕਤੀ ਸੀਮਤ ਹੈ। ਉਸ ਦੀ ਸਪੀਡ (ਤੇਜ਼-ਚਾਲ) ਤੇ ਪਹੁੰਚ-ਸ਼ਕਤੀ ਨਿਸਚਿਤ ਹੈ, ਪਰ ਮਨ ਦੀ ਸ਼ਕਤੀ ਅਥਾਹ ਹੈ, ਅਮਿਤ ਹੈ। ਮਨ ਇਕ ਅਜਿਹਾ ਵਚਿਤ੍ਰ ਅਵਾਹਨ ਹੈ, ਜੋ ਮਨੁੱਖ ਨੂੰ ਕਾਲ ਵਿਚੋਂ ਚੁਕ ਕੇ ਅਕਾਲ ਵਿਚ ਅਪੜਾਂ ਦਿੰਦਾ ਹੈ।



www.AKJ.Org

ਮਨ ਸ਼ਕਤੀ ਦਾ ਭੰਡਾਰ ਹੈ। ਇਹ ਮਨ ਰਤਨਾਂ ਵਰਗੀ ਅਮੋਲਕ ਵਸਤੂ ਹੈ, ਜੋ ਵਿਧਾਤਾ ਵਲੋਂ ਹਰੇਕ ਜੀਵ ਨੂੰ ਪ੍ਰਦਾਨ ਕੀਤੀ ਹੋਈ ਹੈ। ਮਨ ਜੋ ਜੀਅ ਆਵੇ ਬਣ ਸਕਦਾ ਹੈ, ਬਸ਼ਰਤੇ ਕਿ ਇਸ ਦੀ ਸ਼ਕਤੀ ਦੀ ਯੋਗ ਵਰਤੋਂ ਕੀਤੀ ਜਾਵੇ।

**ਪ੍ਰਸ਼ਨ** :-ਏਨੀ ਸ਼ਕਤੀ-ਸ਼ਾਲੀ ਵਸਤੂ ਕੋਲ ਹੁੰਦਿਆਂ ਫਿਰ ਹਰ ਕੋਈ ਸ਼ਕਤੀ-ਸ਼ਾਲੀ ਕਿਉਂ ਨਹੀਂ ਬਣ ਜਾਂਦਾ ?

**ਉੱਤਰ** :-ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ ॥੧॥੨੨॥

ਸਲੋਕੁ ਮ: ੩, ਵਾਰ ਸੋਰਠ, ਪੰਨਾ ੬੫੧

**ਵਿਚਾਰ**-ਇਹ ਮਨ ਮੈਲਾ ਹੋਇਆ ਪਿਆ ਹੈ ਤੇ ਮੈਲ ਦੇ ਕਈ ਲੇਅ ਚੜ੍ਹੇ ਹੋਏ ਹਨ। ਕਈ ਜੂਨਾਂ ਵਿਚ ਭਟਕਣ ਮਗਰੋਂ ਮਨੁਖਾ ਦੇਹੀ ਮਿਲੀ ਹੈ। ਜਨਮਾਂ ਜਨਮਾਂ ਦੀ ਮੈਲ ਮਨ ਤੇ ਚੜ੍ਹੀ ਹੋਈ ਹੈ। ਮਲੀਨ ਹੋਇਆ ਪਿਆ ਮਨ ਜੰਗਾਲਿਆ ਗਿਆ ਹੈ। ਥੋੜੀ ਮੈਲ ਹੋਵੇ ਤਾਂ ਯਤਨ ਕੀਤਿਆਂ ਲਹਿ ਜਾਵੇ, ਪਰ ਇਸ ਉਤੇ ਤਾਂ ਮੈਲ ਦੇ ਕਈ ਕੋਟ ਚੜ੍ਹੇ ਪਏ ਹਨ। ਇਹ ਮਨ ਤੇਲੀ ਦੀ ਟਾਕੀ ਵਾਂਗ ਗੰਦਾ ਹੋਇਆ ਪਿਆ ਹੈ, ਜਿਸ ਨਾਲ ਉਹ ਹਰ ਵੇਲੇ ਗੰਦੇ ਮੰਦੇ ਤੇ ਥਿੰਦੇ ਹੱਥ ਪੂੰਝਦਾ ਰਹਿੰਦਾ ਹੈ। ਉਸ ਟਾਕੀ ਨੂੰ ਭਾਵੇਂ ਸਉ ਚਟ ਸਾਬਣ ਦੇ ਲਾਈਏ, ਉਜਲੀ ਹੋਣ ਵਿਚ ਹੀ ਨਹੀਂ ਆਉਂਦੀ।

**ਪ੍ਰਸ਼ਨ** :-ਮਨ ਨੂੰ ਕਾਹਦੀ ਮੈਲ ਲਗੀ ਹੋਈ ਹੈ ?

**ਉੱਤਰ**-ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥ ੧ ॥ (੩੧॥੬੪)

ਸਿਰੀਰਾਗੁ ਮ: ੩, ਪੰਨਾ ੩੯

**ਵਿਚਾਰ**-ਮਨ ਨੂੰ ਬੜੀ ਚੰਦਰੀ ਮੈਲ ਲਗੀ ਹੋਈ ਹੈ। ਇਹ ਮੈਲ ਹੈ ਹਉਮੈ ਦੀ, ਭਾਵ ਹਉਂ ਹਉਂ ਮੈਂ ਮੈਂ ਕਰਨ ਦੀ। ਅਨੇਕਾਂ ਜੂਨਾਂ ਵਿਚ ਮਨ ਹਉਂ ਹਉਂ ਮੈਂ ਮੈਂ ਕਰਦਾ ਰਿਹਾ ਹੈ ਤੇ ਪਿਛਲੇ ਸਾਰੇ ਮਲੀਨ ਸੰਸਕਾਰ ਇਸ ਉਤੇ ਆਪਣਾ ਗ਼ਲਬਾ (ਦਬਾਅ) ਪਾਈ ਬੈਠੇ ਹਨ। ਇਸ ਹਉਮੈ ਦੇ ਕਾਰਨ ਮਨ ਆਪਣੇ ਆਪ ਨੂੰ ਆਪਣੀ ਪਰਮ-ਹਸਤੀ ਤੋਂ ਵਖ ਸਮਝਦਾ ਹੈ ਤੇ ਚਸਕਿਆਂ ਦੇ ਅਧੀਨ ਕਰਮ ਕਰਦਾ ਹੈ। ਮਨ ਆਪਣੇ ਆਪ ਨੂੰ ਕਰਮ ਕਰਨ ਵਿਚ ਸੁਤੰਤਰ, ਭਾਵ ਸੈ-ਕਰਤਾ ਸਮਝਦਾ ਹੈ ਤੇ ਇਸ ਤਰ੍ਹਾਂ ਇਸ ਦੀ ਪਰਮਾਤਮਾ ਤੋਂ ਵਿਥ ਪੈ ਜਾਂਦੀ ਹੈ। ਇਹ ਵਿਥ ਦੂਜਾ ਭਾਵ ਹੈ, ਇਹ ਵਿਕਾਰ ਹੈ ਤੇ ਇਸ ਦੂਜੇ ਭਾਵ ਕਾਰਨ ਮੈਲ ਵਧਦੀ ਚਲੀ ਜਾਂਦੀ ਹੈ।

ਮਨ ਦੀ ਮੈਲ ਨੂੰ ਧੋਣ ਲਈ ਲੋਕੀ ਅਨੇਕ ਕਰਮ ਕਰਦੇ ਹਨ, ਜਿਵੇਂ ਕਿ ਜੋਗ-ਆਸਣ ਕਰਨੇ, ਤੀਰਥਾਂ ਤੇ ਨਹਾਉਣਾ, ਦਾਨ ਪੁੰਨ ਕਰਨਾ, ਆਦਿ। ਪਰ ਹਉਮੈ ਦੇ ਅਧੀਨ ਕੀਤੇ ਹੋਏ ਸਾਰੇ ਕੰਮ ਮੈਲ ਧੋ ਨਹੀਂ ਸਕਦੇ, ਸਗੋਂ ਹੋਰ ਮੈਲ ਲਾ ਦਿੰਦੇ ਹਨ, ਕਿਉਂਕਿ ਇਹਨਾਂ ਦੇ ਕਰਨ ਨਾਲ ਮਨ ਵਿਚ ਹੰਕਾਰ ਵਧ ਜਾਂਦਾ ਹੈ। ਜੇਕਰ ਮਨ ਮੈਲਾ ਹੋਵੇ ਤਾਂ ਮਨੁਖ ਦਾ ਸਭ ਕੁਝ ਮੈਲਾ ਹੁੰਦਾ ਹੈ, ਕਿਉਂਕਿ ਮੈਲੇ ਮਨ ਵਿਚੋਂ ਸ੍ਵਛ ਵਿਚਾਰ ਕਦੇ ਉਪਜ ਹੀ ਨਹੀਂ ਸਕਦੇ। ਮੈਲ ਤਾਂ ਲਗੀ ਹੋਈ ਹੈ ਮਨ ਨੂੰ, ਪਰ ਲੋਕੀ ਤੀਰਥਾਂ ਤੇ ਜਾ ਕੇ ਧੋਂਦੇ ਹਨ ਸਰੀਰ ਨੂੰ ਅੰਦਰ ਦੀ ਮੈਲ ਬਾਹਰੋਂ ਧੋਤਿਆਂ ਭਲਾ ਕਿਵੇਂ ਲਥੇ :-

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥ ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥ ਇਹੁ ਮਨੁ


www.AKJ.Org

ਵੱਸਿ ਨ ਆਵਈ, ਥਕੇ ਕਰਮ ਕਮਾਇ ॥ ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥੨॥੬॥ [ਮ: ੩, ਵਾਰ ਸੋਰਠ, ਪੰਨਾ ੬੪੪-੪੫

**ਪ੍ਰਸ਼ਨ** :–ਫਿਰ ਮਨ ਦੀ ਮੈਲ ਕਿਵੇਂ ਉਤਰੇ ?

**ਉੱਤਰ** :–ਭਣਤਿ ਨਾਨਕ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥ [ਵਡਹੰਸੁ ਮ: ੩ ਘਰੁ ੧, ਪੰਨਾ ੫੫੮
ਮਨੁ ਮੈਲਾ ਇਵ ਸੁਧੁ ਹੈ ਹਰਿਨਾਮੁ ਧਿਆਏ ॥੧੭॥ [ਵਾਰ ਸੂਹੀ ਮ: ੩, ਪੰਨਾ ੭੬੧
ਧੰਧੈ ਧਾਵਤ ਮਨੁ ਭਇਆ ਮਨੂਰਾ ॥ ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ॥੪॥ [ਮਾਰੂ ਮ: ੩–੧੦੪੭
ਹਰਿਮੰਦਰ ਮਹਿ ਮਨੁ ਲੋਹਟੁ ਹੈ, ਮੋਹਿਆ ਦੂਜੈ ਭਾਇ ॥ ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥ [ਪ੍ਰਭਾਤੀ ਮ: ੩ ਬਿਭਾਸ, ਪੰਨਾ ੧੩੪੬
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥੧॥੧੭॥ [ਸਲੋਕ ਮ: ੩–੫੧੪
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥ ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥੨੧॥ ਮ: ੩, ਵਾਰ ਸੋਰਠ, ਪੰਨਾ ੬੫੦

**ਵਿਚਾਰ** :–ਹਉਮੈ ਦੀ, ਦੂਜੇ ਭਾਵ ਦੀ, ਅਥਵਾ ਵਿਕਾਰਾਂ ਦੀ ਮੈਲ ਦੂਰ, ਕੇਵਲ ਤਦੋਂ ਹੁੰਦੀ ਹੈ ਜਦੋਂ ਜੀਵ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਏ ਤੇ ਸਤਿਗੁਰੂ ਦੇ ਬਖਸ਼ੇ ਹੋਏ ਨਾਮ ਦੀ ਕਮਾਈ ਕੀਤੀ ਜਾਵੇ। ਗੁਰੂ-ਪਾਰਸ ਦੀ ਕਲਾ-ਕ੍ਰਿਸ਼ਮਾਇਣੀ ਛੁਹ ਨਾਲ, ਨਾਮ ਸਿਮਰਨ ਦੀ ਬਰਕਤ ਨਾਲ ਮਨੂਰ-ਮਨ ਤਤਕਾਲ ਨਿਰਮਲ ਹੋ ਕੇ ਬਾਰ੍ਹਾਂ-ਵੰਨੀ ਕੰਚਨ ਬਣ ਜਾਂਦਾ ਹੈ। ਇਸ ਤਰ੍ਹਾਂ ਮਨ ਵਸ ਵਿਚ ਆ ਜਾਂਦਾ ਹੈ। ਬੇਕਾਬੂ ਮਨ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਤੇ ਵਸ ਵਿਚ ਆਇਆ ਮਨ ਸਭ ਤੋਂ ਸ੍ਰੇਸ਼ਟ ਮਿੱਤਰ। ਪਰ ਮਨ ਸੌਖੇ ਕੀਤੇ ਵਸ ਵਿਚ ਨਹੀਂ ਆਉਂਦਾ। ਮਨ ਮਸਤ ਹਾਥੀ ਵਾਂਗ ਤੇ ਬੇਮੁਹਾਰ ਊਠ ਵਾਂਗ ਔਝੜੇ ਪਿਆ ਉਜਾੜਾ ਪਾਈ ਰਖਦਾ ਹੈ। ਗੁਰੂ ਪਾਤਸ਼ਾਹ ਆਪਣੇ ਗੁਰਸਿਖ-ਪੁਤਰਾਂ ਨੂੰ ਮਨ ਵਸ ਕਰਨ ਦੀ ਜੁਗਤੀ ਇਸ ਪ੍ਰਕਾਰ ਦਸਦੇ ਹਨ–

ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਇ ॥ ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ ਜਿਸਨੋ ਬਖਸੇ ਹਰਿ ਦੇ ਵਡਿਆਈ ॥ ਗੁਰ ਪ੍ਰਸਾਦਿ ਵਸੈ ਮਨਿ ਆਈ ॥ ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ ਮਨੁ ਅਸਾਧੁ ਸਾਧੈ ਜਨੁ ਕੋਈ ॥ ਅਚਰੁ ਚਰੈ ਤਾ ਨਿਰਮਲੁ ਹੋਈ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥ ੩॥੬॥ ਧਨਾਸਰੀ ਮ: ੩, ਪੰਨਾ ੬੬੫

ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥ ਭੈ ਪਇਐ ਮਨੁ ਵਸੁ ਹੋਆ ਹਉਮੈ ਸਬਦਿ ਜਲਾਇ ॥੨॥੬॥ [ਮ: ੩, ਵਾਰ ਸੋਰਠ, ਪੰਨਾ ੬੪੫

ਜਿਸ ਵਡਭਾਗੇ ਪੁਰਸ਼ ਨੇ ਗੁਰੂ-ਮਿਹਰ ਸਦਕਾ ਮਨ ਨੂੰ ਵਸ ਵਿਚ ਕਰ ਲਿਆ, ਭਾਵ ਮਨ ਤੇ ਜਿਤ ਪ੍ਰਾਪਤ ਕਰ ਲਈ, ਉਸ ਨੇ ਮਾਨੋ ਸੰਸਾਰ ਜਿਤ ਲਿਆ। ਮਨ ਦੀ ਜਿਤ ਸਭ ਤੋਂ ਵਡੀ ਜਿੱਤ ਹੈ। ਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਅਸਲ ਵਿਚ ਸੂਰਮੇ ਉਹ ਮਨੁੱਖ ਹਨ ਜੋ ਆਪਣੇ ਮਨ ਨੂੰ ਜਿਤਦੇ ਹਨ।

ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪ ਪਛਾਨਾ ॥ ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥ ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥
ਮਾਰੂ ਵਾਰ ਮਹਲਾ ੩, ਪੰਨਾ ੧੦੮੯

ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥ ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥ [ਮਾਰੂ ਵਾਰ ਮਹਲਾ ੩, ਪੰਨਾ ੧੦੯੦

www.AKJ.Org

# ਸ: ਕਰਮ ਸਿੰਘ ਜੀ ਹਿਸਟੋਰੀਅਨ

[ਵਲੋਂ–ਗਿਆਨੀ ਸੇਵਾ ਸਿੰਘ ਜੀ ਸੇਵਕ, ਤਰਨ ਤਾਰਨ]

ਸ: ਕਰਮ ਸਿੰਘ ਜੀ ਦਾ ਜਨਮ ਸਰਦਾਰ ਝੰਡਾ ਸਿੰਘ ਜੀ ਦੇ ਗ੍ਰਿਹ ਵਿਖੇ ੯ ਚੇਤ (ਮਾਰਚ) ਸੰਨ ੧੮੮੪ ਈਸਵੀ ਨੂੰ ਪਿੰਡ ਝੁਬਾਲ ਜ਼ਿਲਾ ਅੰਮ੍ਰਿਤਸਰ ਜੀ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਨੂੰ, ਜੋ ਚੌਧਰੀ ਲੰਗਾਹ ਦੇ ਖ਼ਾਨਦਾਨ ਵਿਚੋਂ ਸਨ; ਅੰਗਰੇਜ਼ੀ ਫੌਜ ਵਿਚ ਨੌਕਰੀ ਦੇ ਮਗਰੋਂ ਪੈਨਸ਼ਨ ਤੇ ਦੋ ਮੁਰੱਬੇ ਸਰਗੋਧੇ ਦੀ ਬਾਰ ਵਿਚ ਚੱਕ ਨੰ: ੨੯ ਜਨੂਬੀ ਵਿਚ ਮਿਲੇ ਸਨ।

੫–੬ ਸਾਲ ਦੀ ਉਮਰ ਵਿਚ ਝੁਬਾਲ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਹੋਏ। ਮਿਡਲ, ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਜੀ ਤੋਂ ਕਰਕੇ ਦਸਵੀਂ ਤਰਨ ਤਾਰਨ ਤੋਂ ਪਾਸ ਕੀਤੀ। ਸੰਨ ੧੯੦੨ ਵਿਚ ਖਾਲਸਾ ਕਾਲਜ ਵਿਚ ਮਾਸਟਰ ਈਸ਼ਰ ਸਿੰਘ ਢੋਟੀਆਂ, ਸਰਦਾਰ ਗੁਰਮੁਖ ਸਿੰਘ ਢੋਟੀਆਂ, ਸਰਦਾਰ ਅਮਰ ਸਿੰਘ ਵਾਸੂ ਤੇ ਸ: ਕਰਮ ਸਿੰਘ ਜੀ ਇਕੱਠੇ ਪੜ੍ਹ ਰਹੇ ਸਨ। ਇਨ੍ਹਾਂ ਚਹੁੰ ਹੋਣਹਾਰ ਵਿਦਿਆਰਥੀਆਂ ਦਾ ਇਕ ਆਪਣਾ ਹੀ ਟੋਲਾ ਬਣ ਗਿਆ, ਜੋ ਗਿਆਨੀ ਹੀਰਾ ਸਿੰਘ 'ਦਰਦ' ਦੇ ਸ਼ਬਦਾਂ ਵਿਚ ਇਉਂ ਵਰਨਣ ਕੀਤਾ ਗਿਆ ਹੈ :–

ਇਹ ਚਾਰੇ ਮਿੱਤਰ ਸਕੇ ਭਰਾਵਾਂ ਵਾਂਗ ਇਕੱਠੇ ਰਹਿੰਦੇ ਬਹਿੰਦੇ, ਪੰਥ ਤੇ ਦੇਸ਼ ਦੇ ਹਾਲਾਤ ਉਤੇ ਵਿਚਾਰਾਂ ਕਰਦੇ ਰਹਿੰਦੇ, ਤੇ ਕੋਈ ਮਹਾਨ ਕਾਰਜ ਕਰ ਕੇ ਵਿਖਾਉਣ ਲਈ ਸਦਾ ਸੋਚਦੇ ਰਹਿੰਦੇ ਸਨ।

ਉਨ੍ਹਾਂ ਨੇ ਆਪੋ ਆਪਣੇ ਲਈ ਹੇਠ ਲਿਖੇ ਅਨੁਸਾਰ ਵੱਖ ਵੱਖ ਕੰਮ ਚੁਣ ਕੇ, ਮਿੱਥ ਕੇ ਪ੍ਰਣ ਕੀਤੇ ਕਿ ਅਸੀਂ ਇਨ੍ਹਾਂ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਆਪਣੇ ਜੀਵਨ ਦੇਸ਼ ਨੂੰ ਅਰਪਨ ਕਰਦੇ ਹਾਂ–

ਸ: ਕਰਮ ਸਿੰਘ–ਸਿਖ ਇਤਿਹਾਸ ਦੀ ਵਿਗਿਆਨਕ ਢੰਗ ਨਾਲ ਖੋਜ ਕਰਨ ਤੇ ਇਤਿਹਾਸ ਲਿਖਣ।

ਮਾਸਟਰ ਈਸ਼ਰ ਸਿੰਘ :–ਧਾਰਮਕ ਗਰੰਥਾਂ ਤੇ ਸਿਧਾਂਤਾਂ ਦਾ ਅਧਿਅਨ ਕਰਨ ਤੇ ਧਾਰਮਕ ਵਿਦਿਆਲਾ ਅਸਥਾਪਨ ਕਰ ਕੇ ਸਿਖ ਨੌਜਵਾਨਾਂ ਨੂੰ ਸਿਖ ਧਰਮ ਦੀ ਸਿਖਿਆ ਦੇ ਕੇ ਸੱਚੇ, ਧਰਮੀ ਬਣਾਉਣ ਲਈ ਆਪਣਾ ਜੀਵਨ ਅਰਪਨ।

ਸ: ਅਮਰ ਸਿੰਘ ਵਾਸੂ :–ਅਖਬਾਰ ਨਵੀਸ ਤੇ ਲੇਖਕ ਬਣਨ, ਸੰਪਾਦਕ ਤੇ ਸਾਹਿਤਕਾਰ ਬਣ ਕੇ ਵੱਧ ਤੋਂ ਵੱਧ ਸਿਖਿਆ ਪ੍ਰਾਪਤ ਕਰਕੇ ਪੰਜਾਬੀ ਸਾਹਿਤ ਦੀ ਸੇਵਾ ਕਰਨ।

ਸ: ਗੁਰਮੁਖ ਸਿੰਘ :–ਉੱਚ ਵਿਦਿਆ ਪ੍ਰਾਪਤ ਕਰ ਕੇ ਪਹਿਲਾਂ ਪ੍ਰੋਫੈਸਰ ਤੇ ਫਿਰ ਕਿਸੇ ਕਾਲਜ ਦਾ ਪ੍ਰਿੰਸੀਪਲ ਬਣ ਕੇ ਵਿਦਿਆ ਨੂੰ ਉੱਨਤ ਲੀਹਾਂ ਤੇ ਚਲਾਣ ਤੇ ਵਿਦਿਆ ਦਾ ਚਾਨਣ ਫੈਲਾਣ।

ਇਨ੍ਹਾਂ ਸਾਰਿਆਂ ਨੂੰ ਅਜਿਹੀ ਲਗਨ ਲਗੀ ਜਿਸ ਤਰ੍ਹਾਂ ਕਿਸੇ ਨੇ ਬੈਟਰੀ ਚਾਰਜ ਕਰ ਦਿਤਾ ਹੋਵੇ। ਇਹ ਸਾਰੇ ਆਪਣੇ ਵਿਚ ਇਕ ਖਾਸ ਲਗਨ, ਰੱਸ ਤੇ ਅਨੂਠੀ ਖਿੱਚ, ਮਿਕਨਾਤੀਸੀ ਤਾਕਤ ਮਹਿਸੂਸ ਕਰਨ ਲਗੇ ਤੇ ਹਰੇਕ ਨੇ ਆਪੋ ਆਪਣੀ ਵਿੱਤ ਅਨੁਸਾਰ ਇਨ੍ਹਾਂ ਮਿਥੇ ਹੋਏ ਟੀਚਿਆਂ ਤੇ ਨਿਸ਼ਾਨਿਆਂ ਤੇ ਪਹੁੰਚਣ ਲਈ ਜਿਸਤਰ੍ਹਾਂ ਸਿਰ ਧੜ ਦੀ ਇਕ ਬਾਜ਼ੀ ਜਿਹੀ ਲਾ ਦਿਤੀ। ਇਨ੍ਹਾਂ ਵਿਚੋਂ ਮਾਸਟਰ ਈਸ਼ਰ ਸਿੰਘ ਜੀ ਤੇ ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਤਾਂ ਕਮਾਲ ਕਰ ਦਿੱਤਾ ਤੇ ਇਕ ਨਵਾਂ ਕਾਂਡ ਹੀ ਅੰਕ ਦਿਤਾ, ਜੋ ਸਦੀਆਂ ਤਕ ਚਾਨਣ-ਮੁਨਾਰਿਆਂ ਦਾ ਕੰਮ ਦਿੰਦਾ ਰਹੇਗਾ।

ਸ: ਕਰਮ ਸਿੰਘ ਜੀ ਹੁਣ ੨੦-੨੦ ਘੰਟੇ ਪੜ੍ਹਦੇ, ਨਾ ਅੱਕਦੇ ਤੇ ਨਾ ਥੱਕਦੇ, ਆਪ ਨੇ ਫ਼ਾਰਸੀ ਤੇ ਹਿੰਦੀ ਚੰਗੀ ਤਰ੍ਹਾਂ ਪੜ੍ਹ ਲਈ ਤੇ ਅੰਗਰੇਜ਼ੀ ਵਿਚ ਬਹੁਤ ਚੰਗੀ ਮੁਹਾਰਤ ਹਾਸਲ ਕਰ ਲਈ।

੧੯੦੫ ਦਾ ਵਰ੍ਹਾ ਆ ਗਿਆ। ਆਪ ਬੀ. ਏ. ਦੇ ਆਖ਼ਰੀ ਸਾਲ ਦੀ ਪੜ੍ਹਾਈ ਕਰ ਰਹੇ ਸਨ ਤੇ



www.AKJ.Org

ਕੁਝ ਮਹੀਨਿਆਂ ਵਿਚ ਹੀ ਬੀ. ਏ. ਦੀ ਡਿਗਰੀ ਲੈਣ ਵਾਲੇ ਸਨ।

ਆਪ ਇਸ ਲਗਨ ਵਿਚ ਮਗਨ ਸਨ ਕਿ ਸਾਡੀ ਸੇਵਾ ਤਾਂ ਹੁਣ ਇਤਿਹਾਸ ਬਾਰੇ ਲਗ ਗਈ ਹੈ। ਆਪਣੀ ਅਸਲੀ ਪੜ੍ਹਾਈ ਦਾ ਤਾਂ ਖਿਆਲ ਹੀ ਛਡ ਦਿਤਾ ਤੇ ਇਹ ਸੋਚਣ ਲਗੇ ਕਿ ਬਿਰਧ ਬਾਬੇ ਜੋ ੮੦-੯੦ ਸਾਲ ਤੋਂ ਉਤੇ ਦੀ ਉਮਰ ਦੇ ਹਨ, ਇਤਿਹਾਸਕ ਪਖੋਂ ਕੌਮ ਦਾ ਇਕ ਉਤਮ ਭੰਡਾਰ ਹਨ। ਸਿਖ ਰਾਜ ਤੇ ਪੰਜਾਬ ਬਾਰੇ ਜੋ ਕੁਝ ਉਹ ਦੱਸ ਸਕਣਗੇ, ਉਹ ਨਾ ਤਾਂ ਕਿਤਾਬਾਂ ਵਿਚ ਆਇਆ ਹੈ ਤੇ ਨਾ ਹੀ ਆ ਸਕੇਗਾ। ਉਨ੍ਹਾਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ।

ਬੱਸ, ਫੇਰ ਕੀ ਸੀ! ਬਸਤਾ ਗਲ ਤੇ ਹੱਥ ਵਿਚ ਕਲਮ ਦੁਆਤ, ਜਿਥੇ ਵੀ ਕਿਸੇ ਬਿਰਧ ਬਾਬੇ ਦੀ ਦੱਸ ਪਵੇ, ਝੱਟ ਪਹੁੰਚ ਜਾਣ। ਨਾ ਸਫ਼ਰ ਦਾ ਥਕੇਵਾ ਤੇ ਨਾ ਭੁਖ ਤ੍ਰੇਹ ਦਾ ਖਿਆਲ! ਉਨ੍ਹਾਂ ਦਿਨਾਂ ਵਿਚ ਪਲੇਗ ਜ਼ੋਰਾਂ ਤੇ ਸੀ ਤੇ ਲੋਕ ਘਰਾਂ ਤੇ ਪਿੰਡਾਂ ਨੂੰ ਛੱਡ ਛੱਡ ਕੇ ਭੱਜ ਰਹੇ ਸਨ, ਪਰ ਇਹ ਲੱਭ ਰਹੇ ਸਨ ਮੁੱਕਦਾ ਜਾ ਰਿਹਾ ਖ਼ਜ਼ਾਨਾ ਬਿਰਧਾਂ ਦਾ। ਜਦੋਂ ਇਨ੍ਹਾਂ ਦੇ ਸਾਥੀਆਂ, ਪ੍ਰੋਫ਼ੈਸਰਾਂ ਤੇ ਹੋਰ ਹਿਤੂਆਂ ਨੇ ਦੇਖਿਆ ਕਿ ਇਨ੍ਹਾਂ ਦੀ ਪੜ੍ਹਾਈ ਹੁਣ ਸਾਰੀ ਦੀ ਸਾਰੀ ਭੰਗ ਦੇ ਭਾੜੇ ਜਾਵੇਗੀ, ਤਾਂ ਬੜਾ ਸਮਝਾਇਆ, ਪਰ ਸੁਣੇ ਕੌਣ? ਉਨ੍ਹਾਂ ਦੀ ਤਾਂ ਲਗਨ ਹੀ ਹੁਣ ਹੋਰ ਥਾਂ ਸੀ।

ਸਭ ਤੋਂ ਵੱਧ ਖੇਦ ਉਨ੍ਹਾਂ ਦੇ ਪਿਤਾ ਜੀ ਨੂੰ ਹੋਇਆ ਤੇ ਉਨ੍ਹਾਂ ਨੇ ਤਾਂ ਸੁਨੇਹਾ ਵੀ ਘੱਲ ਦਿਤਾ ਕਿ ਨਾ ਹੁਣ ਤੁਸੀਂ ਘਰ ਦੇ ਘਾਟ ਦੇ। ਆਪਣਾ ਗੁਜ਼ਾਰਾ ਜਿਸ ਤਰ੍ਹਾਂ ਮਰਜ਼ੀ ਕਰੋ, ਮੈਂ ਖ਼ਰਚ ਦੇਣ ਨੂੰ ਤਿਆਰ ਨਹੀਂ।

ਸੋ ਪੜ੍ਹਾਈ ਵਿਚੇ ਛੱਡ ਕੇ ਹੋਰ ਇਤਿਹਾਸਕ ਮਸਾਲਾ ਇਕੱਠਾ ਕਰਨਾ ਤੇ ਬਿਰਧ ਬਾਬਿਆਂ ਦੀ ਭਾਲ ਕਰ ਕੇ ਉਨ੍ਹਾਂ ਦੇ ਬਿਆਨ ਕਲਮਬੰਦ ਕਰਨੇ—ਇਹੋ ਹੀ ਇਕ ਪ੍ਰਯੋਜਨ ਤੇ ਠਰਕ ਰਹਿ ਗਿਆ ਸੀ।

ਇਨ੍ਹਾਂ ਦਿਨਾਂ ਵਿਚ ਸ: ਕਰਮ ਸਿੰਘ ਦੇ ਪੁਰਾਣੇ ਸਾਥੀ ਤੇ ਮਿੱਤਰ ਮਾਸਟਰ ਈਸ਼ਰ ਸਿੰਘ ਜੀ ਘਰਜਾਖ ਆਸ਼ਰਮ ਗੁਜਰਾਂਵਾਲਾ ਵਿਚ ਪੜ੍ਹਾਉਣ ਤੇ ਲਗੇ ਹੋਏ ਸਨ। ਪੰਦਰ੍ਹਾਂ ਰੁਪਏ ਮਹੀਨਾ ਮਿਲਦਾ ਸੀ। (ਜੋ ਅੱਜ ਦੇ ਹਿਸਾਬ ਚਾਰ ਸੌ ਰੁਪੈ ਤੋਂ ਵੀ ਵੱਧ ਕੀਮਤ ਰਖਦਾ ਹੈ।) ਉਨ੍ਹਾਂ ਨੇ ਆਪਣੇ ਮਿਤਰ ਦਾ ਸਿਦਕ ਤੇ ਇਤਿਹਾਸਕ ਪ੍ਰੇਮ ਵੇਖ ਕੇ ਆਪਣੀ ਅੱਧੀ ਤਨਖ਼ਾਹ, ਸਾਢੇ ਸੱਤ ਰੁਪੈ ਮਹੀਨਾ ਸ: ਕਰਮ ਸਿੰਘ ਨੂੰ ਦੇਣੀ ਸ਼ੁਰੂ ਕਰ ਦਿਤੀ।

ਇਸੇ ਤਰ੍ਹਾਂ ਇਸ ਤੋਂ ਵੱਧ ਜਾਨ ਹੀਲਣ ਵਾਲਾ ਕੰਮ ਤੇ ਇਰਾਦਾ ਇਨ੍ਹਾਂ ਦਾ ਮੱਕੇ ਮਦੀਨੇ ਤੇ ਬਗ਼ਦਾਦ ਜਾ ਕੇ—ਜਿਥੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਜ ਤੋਂ ੪੬੦ ਸਾਲ ਪਹਿਲਾਂ ਵਿਚਰੇ ਸਨ, ਸਭ ਥਾਂਵਾਂ ਤੇ ਹਾਲਾਤ ਦੀ ਖੋਜ ਕਰਨ ਦਾ ਸੀ। ਇਸ ਵਿਚ ਭਾਈ ਤਖਤ ਸਿੰਘ ਜੀ ਫ਼ੀਰੋਜ਼ਪੁਰ ਵਾਲਿਆਂ ਚੰਗਾ ਉਤਸ਼ਾਹ ਦਿਤਾ ਤੇ ਮਦਦ ਵੀ। ਰੇਸ਼ਮੀ ਸੁਰਮਈ ਦਸਤਾਰ ਤੇ ਟਸਰੀ ਕਪੜੇ ਬਣਵਾ ਦਿਤੇ ਤਾਂ ਜੁ ਸਫਰ ਵਿਚ ਘੱਟ ਔਲੇ ਹੋਣ।

ਇਸ ਸਫਰ ਵਿਚ ਇਕ ਸੱਯਦ, ਜੋ ਬਹੁਤ ਸਾਰੇ ਹਾਜੀਆਂ ਦਾ ਜਥੇਦਾਰ ਸੀ, ਬੀਮਾਰ ਹੋ ਗਿਆ। ਆਪ ਜੀ ਨੂੰ ਹਿਕਮਤ ਤੇ ਕੁਝ ਸਿੱਧ ਟੋਟਕਿਆਂ ਦਾ ਇਲਮ ਸੀ। ਸੋ ਜੋ ਦਵਾਈ ਦਿਤੀ ਗਈ, ਐਸੀ ਰਾਸ ਬੈਠੀ ਕਿ ਉਹ ਸ: ਕਰਮ ਸਿੰਘ ਜੀ ਦਾ ਪੂਰਾ ਸਤਿਕਾਰ ਤੇ ਭਰਾਵਾਂ ਵਾਂਗਰ ਪਿਆਰ ਕਰਨ ਲੱਗ ਪਿਆ। ਸ: ਕਰਮ ਸਿੰਘ ਨੂੰ ਉਸ ਸਜਣ ਨੇ ਆਪਣੇ ਟੋਲੇ ਦਾ ਮੀਤ ਜਥੇਦਾਰ ਥਾਪ ਦਿਤਾ ਤੇ ਮੁਸਲਮਾਨੀ ਨਾਂ ਵੀ ਧਰ ਲਿਆ। ਇਸ ਸਫਰ ਵਿਚ ਇਕ ਔਕੜ ਆਈ ਤਾਂ ਇਕ ਹੋਰ ਪੰਜਾਬੀ ਪੁਲਿਸ ਅਫ਼ਸਰ ਮੁਹੰਮਦ ਆਜ਼ਾਦ ਆਫਿੰਦੀ ਨੇ ਇਨ੍ਹਾਂ ਦੀ ਪੂਰੀ ਮਦਦ ਕੀਤੀ।

ਬਗਦਾਦ ਤੋਂ ਵਾਪਸ ਆ ਕੇ ਆਪ ਨੇ ਦੋ ਖੋਜ ਭਰਪੂਰ ਪੁਸਤਕਾਂ 'ਬੰਦਾ ਬਹਾਦਰ' ਤੇ 'ਕੱਤਕ ਕਿ ਵਿਸਾਖ' ਲਿਖੀਆਂ। ਇਨ੍ਹਾਂ ਪੁਸਤਕਾਂ ਦਾ ਲਿਖਣ-ਢੰਗ ਬਿਲਕੁਲ ਨਵਾਂ ਸੀ, ਪਰ ਸ਼ਰਧਾ ਭਗਤੀ ਵਾਲੇ ਪੁਰਾਣੇ ਸਿੰਘਾਂ ਨੂੰ ਕਈ ਗੱਲਾਂ ਪਸੰਦ ਨਾ ਆਈਆਂ ਤੇ ਮਾਇਆ ਵਲੋਂ ਭੀ ਬੇ-ਫਿਕਰੀ ਨਾ ਹੋ ਸਕੀ।

ਉਸ ਵੇਲੇ ਆਪਣੇ ਪੁਰਾਣੇ ਮਿਤਰ ਸ: ਅਮਰ ਸਿੰਘ ਵਾਸੂ ਨਾਲ ਰਲ ਕੇ ਸਰਗੋਧੇ ਵਿਚ ਕੰਮ ਕਰਨ



www.AKJ.Org

ਲੱਗ ਪਏ ਤੇ 'ਸੰਨਿਆਸੀ ਆਸ਼ਰਮ' ਨਾਂ ਦਾ ਦਵਾਈ-ਖਾਨਾ ਜਾਰੀ ਕੀਤਾ।

ਕੁਝ ਚਿਰ ਮਗਰੋਂ ਇਕ ਹੋਰ ਮਿੱਤਰ ਪੰਡਤ ਜਵਾਲਾ ਸਿੰਘ ਜੀ ਪਟਿਆਲੇ ਵਾਲਿਆਂ ਦੇ ਨਾਲ ਉਥੇ ਚਲੇ ਗਏ ਤੇ ਆਪ ਜੀ ਨੂੰ ਪਟਿਆਲਾ ਰਿਆਸਤ ਦਾ 'ਸਟੇਟ ਹਿਸਟੋਰੀਅਨ' ਮੁਕੱਰਰ ਕਰ ਦਿੱਤਾ ਗਿਆ। ਉਥੇ ਹੀ 'ਮਹਾਰਾਜਾ ਆਲਾ ਸਿੰਘ' ਲਿਖਿਆ ਤੇ ਕੁਝ ਪੰਜਾਬੀ ਰੀਡਰਾਂ ਵੀ ਤਿਆਰ ਕੀਤੀਆਂ। ਉਸ ਵਕਤ ਸ: ਜੋਗਿੰਦਰ ਸਿੰਘ ਜੀ ਪਟਿਆਲੇ ਚੀਫ ਮਨਿਸਟਰ ਲਗੇ ਹੋਏ ਸਨ।

ਫਿਰ ਆਪ ਨੇ 'ਚਿਤ੍ਰ ਪ੍ਰਕਾਸ਼ਕ ਕੰਪਨੀ' ਜਾਰੀ ਕੀਤੀ। ਉਸ ਤੋਂ ਮਗਰੋਂ ਆਪ ਨੇ ਪਰਵਾਰ ਦੀ ਉਪਜੀਵਕਾ ਲਈ ਵਲੈਤੀ ਢੰਗ ਨਾਲ ਖੇਤੀ ਬਾੜੀ ਕਰਨ ਦਾ ਫੈਸਲਾ ਕਰ ਲਿਆ। ਪਤਾਰਸੀ ਤੇ ਨੈਨੀਤਾਲ ਦੇ ਨੇੜੇ ਜ਼ਮੀਨ ਲੈ ਕੇ ਕੰਮ ਸ਼ੁਰੂ ਕੀਤਾ। ਖੇਤੀ ਬਾੜੀ ਦੇ ਨਾਲ ਹੀ ਆਪ ਜੀ ਨੇ ਇਤਿਹਾਸਕਕ ਖੋਜ ਦਾ ਕੰਮ ਜਾਰੀ ਰਖਿਆ।

ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਰਭ ਹੋਣ ਤਕ ਦਾ ਸਮਾਂ (੧੭੦੭ ਤੋਂ ੧੮੦੦ ਈਸਵੀ) ਡੂੰਘੀ ਖੋਜ ਵਾਸਤੇ ਚੁਣਿਆ ਤੇ ਹਿੰਦੁਸਤਾਨ ਭਰ ਦੀ ਹਰ ਵਡੀ ਲਾਇਬਰੇਰੀ ਵਿਚ ਜਾ ਕੇ ਛਾਣ ਬੀਣ ਦਾ ਕੰਮ ਸ਼ੁਰੂ ਕੀਤਾ--ਪਟਿਆਲਾ, ਬਦਾਊਂ, ਦਰਭੰਗਾ, ਕਲਕੱਤਾ, ਅਲੀਗੜ੍ਹ ਤੇ ਪਟਨਾ ਆਦਿਕ ਥਾਈਂ।

ਸ: ਕਰਮ ਸਿੰਘ ਜੀ ਕਹਿੰਦੇ ਹੁੰਦੇ ਸਨ ਕਿ ਉਨ੍ਹਾਂ ਨੇ ਉਸ ਸਮੇਂ (੧੭੦੭ ਤੋਂ ੧੮੦੦ ਤੱਕ) ਦੀਆਂ ਬਹੁਤ ਸਾਰੀਆਂ ਇਤਿਹਾਸਕ ਗੁੰਝਲਾਂ ਖੋਲ੍ਹ ਲਈਆਂ ਹਨ। ੧੩-੧੪ ਕਾਪੀਆਂ ਲਿਖਤੀ ਨੋਟਾਂ ਨਾਲ ਭਰੀਆਂ ਪਈਆਂ ਸਨ। ਹਜ਼ਾਰਾਂ ਰੁਪਏ ਖ਼ਰਚ ਕੇ ਤੇ ਕਠਨ ਘਾਲਾਂ ਤੇ ਮੁਸ਼ੱਕਤਾਂ ਘਾਲ ਕੇ ਆਪ ਜੀ ਨੇ ਕਈ ਪੁਸਤਕਾਂ ਨਕਲ ਕਰਵਾਈਆਂ ਤੇ ਕਈ ਦੁਰਲੱਭ ਪੁਸਤਕਾਂ ਖਰੀਦੀਆਂ ਸਨ। ਆਪ ਜੀ ਦੀ ਯਾਦ ਸ਼ਕਤੀ ਬੜੀ ਹੀ ਬਲਵਾਨ ਸੀ, ਇਸ ਵਾਸਤੇ ਆਪ ਜੀ ਨੋਟ ਘੱਟ ਕਰਦੇ ਸਨ। ਆਪ ਨੂੰ ਆਪਣੀ ਯਾਦ-ਸ਼ਕਤੀ ਤੇ ਇਤਨਾ ਭਰੋਸਾ ਸੀ ਕਿ ਆਪ ਕਹਿੰਦੇ ਹੁੰਦੇ ਸਨ ਕਿ ਖੇਤੀ ਬਾੜੀ ਦੇ ਕੰਮ ਨੂੰ ਚੰਗੀ ਤਰ੍ਹਾਂ ਰੇੜ੍ਹੇ ਪਾ ਕੇ ਜਦ ਬੈਠਾਂਗਾ ਤਾਂ ਕੁਝ ਮਹੀਨਿਆਂ ਵਿਚ ਹੀ ਇਸ ਸਮੇਂ ਦੇ ਇਤਿਹਾਸ ਨੂੰ ਲਿਖ ਦਿਆਂਗਾ। ਇਤਿਹਾਸ ਨਾਲ ਤਾਂ ਉਨ੍ਹਾਂ ਨੂੰ ਇਤਨੀ ਡੂੰਘੀ ਲਗਨ ਸੀ ਕਿ ਪੁਸਤਕਾਂ ਦੀਆਂ ਪੁਸਤਕਾਂ ਉਨ੍ਹਾਂ ਨੂੰ ਇੱਕੋ ਵੇਰ ਪੜ੍ਹਨ ਨਾਲ ਯਾਦ ਹੋ ਜਾਂਦੀਆਂ ਸਨ। ਇਤਿਹਾਸ ਦੇ ਉਹ ਸੱਚੇ ਆਸ਼ਕ ਸਨ। ਇਸੇ ਲਗਨ ਵਿਚ ਹੀ ਉਨ੍ਹਾਂ ਦੀ ਇਕ ਅੱਖ ਮਦੀਨੇ ਬਗਦਾਦ ਦੇ ਸਫਰ ਵਿਚ ਜਾਂਦੀ ਰਹੀ।

ਕਰੜੀ ਮਿਹਨਤ ਤੇ ਅਰੋਗਤਾ ਵਲੋਂ ਬੇ-ਪਰਵਾਹੀ ਦੇ ਕਾਰਨ ਆਪ ਤਪਦਿਕ ਦਾ ਸ਼ਿਕਾਰ ਹੋ ਗਏ, ਪਰ ਆਪ ਦਵਾਈਆਂ ਦੀ ਵਰਤੋਂ ਜਾਣਦੇ ਸਨ ਤੇ ਉਨ੍ਹਾਂ ਦੀ ਮਦਦ ਨਾਲ ਹੀ ਬੀਮਾਰੀ ਨੂੰ ਕਾਬੂ ਵਿਚ ਰਖੀ ਗਏ। ਬੀਮਾਰੀ ਦੀ ਹਾਲਤ ਵਿਚ ਹੀ ਆਪ ਨੇ ਅੰਮ੍ਰਿਤਸਰ ਜਾ ਕੇ 'ਫੁਲਵਾੜੀ' ਦੇ ਇਤਿਹਾਸ ਨੰਬਰ ਨੂੰ ਸੰਪਾਦਿਤ ਕੀਤਾ ਸੀ।

ਅਗਸਤ ੧੯੩੦ ਈ: ਵਿਚ ਆਪ ਨੂੰ ਮਲੇਰੀਆ ਹੋ ਗਿਆ। ਬੀਮਾਰੀ ਵਧਦੀ ਗਈ। ਨਿਆ ਗਾਉਂ (ਨੈਨੀਤਾਲ) ਤੋਂ ਆਪ ਜੀ ਨੂੰ ਤਰਨ ਤਾਰਨ ਮੰਗਵਾ ਲਿਆ ਗਿਆ। ਹਮਦਰਦ ਡਾਕਟਰਾਂ ਨੇ ਪੂਰੀ ਪੂਰੀ ਵਾਹ ਲਾਈ। ਉਨ੍ਹਾਂ ਦੇ ਜਿਗਰੀ ਦੋਸਤ ਤੇ ਕਦੀਮੀ ਮਿਤਰ ਮਾਸਟਰ ਈਸ਼ਰ ਸਿੰਘ ਜੀ ਨੇ ਰੱਜ ਕੇ ਸੇਵਾ ਕਰਨ ਵਿਚ ਕੋਈ ਕਸਰ ਨਾ ਰਹਿਣ ਦਿੱਤੀ। ਪਰ ਬੀਮਾਰੀ ਬਹੁਤ ਵਧ ਚੁਕੀ ਸੀ ਤੇ ਨਮੂਨੀਆ ਵੀ ਹੋ ਚੁਕਾ ਸੀ।

ਮਾਸਟਰ ਈਸ਼ਰ ਸਿੰਘ ਜੀ ਦੇ ਰੇਲਵੇ ਰੋਡ ਤਰਨ ਤਾਰਨ ਵਾਲੇ ਮਕਾਨ ਤੇ ਆਪ ਜੀ ੧੦ ਸਤੰਬਰ ੧੯੩੦ ਨੂੰ ਇਸ ਸੰਸਾਰ ਤੋਂ ਸਦਾ ਲਈ ਅਸਹਿ ਵਿਛੋੜਾ ਦੇ ਗਏ। ਤਰਨ ਤਾਰਨ ਹੀ ਆਪ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ।



www.AKJ.Org

# ਭਾਈ ਫੇਰੂ ਜੀ-ਸੱਚੀ ਦਾੜ੍ਹੀ

ਸੇ ਦਾੜ੍ਹੀਆ ਸਚੀਆ ਜਿ ਗੁਰ ਚਰਨੀ ਲਗੰਨਿ ॥
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥੫੨॥ (੧੪੧੯)

ਭਾਈ ਫੇਰੂ ਜੀ ਦਾ ਜਨਮ ਪਿੰਡ ਅੰਬ-ਮਾੜੀ ਜ਼ਿਲਾ ਹੁਸ਼ਿਆਰਪੁਰ ਵਿਚ ੧੬੪੦ ਈਸਵੀ ਵਿਚ ਉੱਪਲ ਖਤਰੀ ਬਿੰਨੇ ਦੇ ਘਰ ਹੋਇਆ ਸੀ। ਆਪ ਦਾ ਨਾਮ ਮਾਪਿਆਂ ਨੇ "ਸੰਗਤ" ਰਖਿਆ। ਆਪ ੧੯ ਸਾਲ ਦੀ ਉਮਰੇ ੧੬੫੬ ਈਸਵੀ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੀ ਸ਼ਰਨ ਵਿਚ ਪੁਜੇ ਅਤੇ ਉਨ੍ਹਾਂ ਤੋਂ 'ਸਿੱਖੀ' ਦਾਨ ਪ੍ਰਾਪਤ ਕੀਤਾ। ਗੁਰੂ ਪਾਤਸ਼ਾਹ ਨੇ ਕਿਰਪਾ-ਦ੍ਰਿਸ਼ਟੀ ਕੀਤੀ ਤੇ ਆਪ ਦਾ ਨਾਮ "ਫੇਰੂ" ਰਖ ਦਿਤਾ, ਕਿਉਂਕਿ ਆਪ ਜੀ ਵਪਾਰ ਵਿਚ ਫੇਰੀ ਪਾਉਂਦੇ ਹੋਏ ਗੁਰੂ ਦੇ ਦਰ ਤੇ ਹਾਜ਼ਰ ਹੋਏ ਸਨ।

ਭਾਈ ਫੇਰੂ ਗੁਰੂ ਦੀ ਬਖਸ਼ੀ 'ਸਿੱਖੀ' ਨੂੰ ਤਨ ਮਨ ਤੇ ਧਨ ਕਰਕੇ ਨਿਭਾਉਣ ਲਗਾ ਅਤੇ ਆਪਣੇ ਅਮਲੀ ਜੀਵਨ ਸਦਕਾ ਸਤਿਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਦਾ ਪਾਤਰ ਬਣਿਆ। ਸਤਿਗੁਰਾਂ ਨੇ ਪ੍ਰਸੰਨ ਹੋ ਕੇ ਕੁਝ ਸਮੇਂ ਪਿਛੋਂ ਆਪ ਨੂੰ 'ਨੱਕੇ' ਤਸੀਲ ਚੂਨੀਆਂ ਜ਼ਿਲਾ ਲਾਹੌਰ ਦਾ ਮਸੰਦ ਥਾਪ ਦਿਤਾ।

ਭਾਈ ਫੇਰੂ ਨੇ ਮਸੰਦ ਦੀ ਪਦਵੀ ਪ੍ਰਾਪਤ ਕਰ ਕੇ ਆਪਣੇ ਇਲਾਕੇ ਵਿਚ ਗੁਰਸਿਖੀ ਦਾ ਸੁੰਦਰ ਪਰਚਾਰ ਕੀਤਾ ਅਤੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਕਾ ਸਿਖ ਬਣਾਇਆ। ਭਾਈ ਸਾਹਿਬ ਜੀ ਜਿਥੇ—

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥ [ਪੰਨਾ ੧੨੪੫

ਇਸ ਹੁਕਮ ਨੂੰ ਅਮਲੀ ਤੌਰ ਤੇ ਕਿਰਤ ਕਰ ਕੇ ਵੰਡ ਕੇ ਛਕਦੇ ਸਨ, ਉਥੇ ਦੁਖੀਆਂ ਲੋੜਵੰਦਾਂ ਦੀ ਖੁਜ ਕੇ ਸਹਾਇਤਾ ਕਰਦੇ ਸਨ। ਭਾਈ ਸਾਹਿਬ ਦਾ ਜੀਵਨ ਸੇਵਾ ਤੇ ਸਿਮਰਨ ਦਾ ਨਮੂਨਾ ਸੀ। ਉਨ੍ਹਾਂ ਦੇ ਇਸ ਅਮਲੀ ਜੀਵਨ ਦੇ ਪ੍ਰਭਾਵ ਹੇਠਾਂ ਅਨੇਕਾਂ ਪ੍ਰਾਣੀ ਗੁਰੂ ਦੀ ਸ਼ਰਨ ਵਿਚ ਪੁਜੇ। ਉਨ੍ਹਾਂ ਦੇ ਪਰਉਪਕਾਰੀ ਸੁਭਾਵ ਕਰਕੇ ਇਲਾਕੇ ਦੇ ਲੋਕੀਂ ਆਪ ਦਾ ਬੜਾ ਮਾਣ ਸਤਿਕਾਰ ਕਰਦੇ ਸਨ।

ਸਤਿਗੁਰਾਂ ਵਲੋਂ ਥਾਪੇ ਗਏ ਮਸੰਦਾਂ ਦੇ ਜ਼ਿਮੇ ਜਿਥੇ ਆਪੋ ਆਪਣੇ ਇਲਾਕੇ ਵਿਚ ਗੁਰਸਿੱਖੀ ਪਰਚਾਰ ਕਰਨਾ ਹੁੰਦਾ ਸੀ ਉਥੇ ਨਾਲ ਹੀ ਸੰਗਤਾਂ ਵਲੋਂ ਗੁਰੂ-ਦਰ ਲਈ ਦਿਤੀ ਕਾਰ-ਭੇਟਾ ਇਕੱਠੀ ਕਰ ਕੇ, ਸਤਿਗੁਰਾਂ ਦੇ ਖਜ਼ਾਨੇ ਪਹੁੰਚਾਉਣੀ ਹੁੰਦੀ ਸੀ। ਭਾਈ ਫੇਰੂ ਜੀ ਇਸ ਸੇਵਾ ਨੂੰ ਪੂਰਨ ਸਿਦਕ ਅਤੇ ਪਿਆਰ ਨਾਲ ਨਿਭਾਉਂਦੇ ਚਲੇ ਆ ਰਹੇ ਸਨ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਤਕ ਕਈ ਮਸੰਦ ਆਪਣੇ ਨਿਸ਼ਾਨੇ ਤੋਂ ਥਿੜਕ ਗਏ ਅਤੇ ਮਾਇਆ ਗੁਰੂ ਕੇ ਖਜ਼ਾਨੇ ਵਿਚ ਪਹੁੰਚਾਉਣ ਦੀ ਥਾਂ ਨਿਜੀ ਵਰਤੋਂ ਵਿਚ ਲਿਆਉਣ ਲਗ ਪਏ ਅਤੇ ਸੁਖ-ਰਹਿਣੇ ਜੀਵਨ ਵਿਚ ਪੈ ਕੇ ਐਸ਼-ਇਸ਼ਰਤ ਦੇ ਸ਼ਿਕਾਰ ਹੋ ਗਏ। ਉਹ ਆਚਰਨਕ ਤੌਰ ਤੇ ਡਿਗ ਗਏ ਅਤੇ ਗੁਰੂ ਪਾਤਸ਼ਾਹ ਦੇ ਨਾਂ ਤੇ ਗ਼ਰੀਬ ਸਿਖਾਂ ਨੂੰ ਡਰਾ ਧਮਕਾ ਕੇ ਤੰਗ ਕਰਨ ਲਗ ਪਏ।

ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ-ਸਿੰਘਾਸਨ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਪਾਸ ਮਸੰਦਾਂ ਦੀ ਇਸ ਗਿਰਾਵਟ ਦੀਆਂ ਸ਼ਿਕਾਇਤਾਂ ਕਈ ਥਾਵਾਂ ਤੋਂ ਪੁਜੀਆਂ। ਮਸੰਦਾਂ ਦੀ ਨਿਤਾਪ੍ਰਤ ਇਸ ਨਿਘਰਦੀ ਦਸ਼ਾ ਨੂੰ ਵੇਖ ਕੇ ਸਤਿਗੁਰੂ ਜੀ ਕਾਫ਼ੀ ਪ੍ਰੇਸ਼ਾਨ ਸਨ।

ਪ੍ਰੋਫੈਸਰ ਸਾਹਿਬ ਸਿੰਘ ਜੀ ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਘਟਨਾ ਦਾ ਜ਼ਿਕਰ ਇਉਂ ਲਿਖਦੇ ਹਨ :—

"ਸੰਨ ੧੭੦੧ ਦੀ ਵੈਸਾਖੀ ਦੇ ਮੌਕੇ ਤੇ ਜਦੋਂ ਦੂਰੋਂ ਦੂਰੋਂ ਸਿਖ ਅਨੰਦਪੁਰ ਪਹੁੰਚੇ ਹੋਏ ਸਨ ਤਾਂ



www.AKJ.Org

ਉਥੇ ਭੰਡਾਂ ਦਾ ਇਕ ਟੋਲਾ ਭੀ ਆ ਗਿਆ। ਭਰੇ ਦੀਵਾਨ ਵਿਚ ਭੰਡਾਂ ਨੇ ਮਸੰਦਾਂ ਦੀ ਨਕਲ ਲਾਈ। ਇੱਕੜ-ਦੁੱਕੜ ਮਸੰਦ ਦੀ ਦਸਵੰਧ ਦੇ ਗ਼ਬਨ ਬਾਰੇ ਗਿਰਾਵਟ ਤਾਂ ਉਘੜਦੀ ਰਹਿੰਦੀ ਸੀ, ਪਰ ਅਚਾਨਕ ਗਿਰਾਵਟ ਦਾ ਜਿਹੜਾ ਨਕਸ਼ਾ ਭੰਡਾਂ ਨੇ ਪੇਸ਼ ਕੀਤਾ, ਉਹ ਬੇਹਦ ਹਿਰਦੇ-ਵੇਧਕ ਸੀ। ਸ਼ਰਾਬ, ਵੇਸੁਆ, ਸ਼ਰਧਾਲੂ ਸਿਖਾਂ ਨੂੰ ਸਰਾਪਾਂ ਦੇ ਡਰਾਵੇ—ਇਹ ਸਾਰੀ ਨਕਲ ਵੇਖ ਕੇ ਸਤਿਗੁਰੂ ਜੀ ਦੇ ਦਿਲ ਉਤੇ ਡੂੰਘਾ ਅਸਰ ਪਿਆ। ਧਰਮ ਦੀ ਓਟ ਵਿਚ ਪਾਏ ਜਿਸ ਜੂਲੇ ਤੋਂ ਸਤਿਗੁਰੂ ਜੀ ਗ਼ਰੀਬ ਜਨਤਾ ਨੂੰ ਕਢਣ ਲਈ ਸਿਰ-ਧੜ ਦੀ ਬਾਜ਼ੀ ਲਾਂਦੇ ਚਲੇ ਆ ਰਹੇ ਸਨ, ਉਹੀ ਜੂਲਾ ਮਸੰਦਾਂ ਨੇ ਗੁਰਸਿਖਾਂ ਉਤੇ ਪਾ ਰਖਿਆ ਸੀ।" [ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ, ਪੰਨਾ ੨੪੨

ਕਲਗੀਧਰ ਪਾਤਸ਼ਾਹ ਜੀ ਨੇ ਥਾਉਂ ਥਾਈਂ ਸੰਗਤਾਂ ਨੂੰ ਹੁਕਮਨਾਮੇ ਭੇਜ ਦਿਤੇ ਕਿ ਆਪੋ ਆਪਣੇ ਇਲਾਕੇ ਦੇ ਮਸੰਦਾਂ ਨੂੰ ਦਾੜ੍ਹੀਆਂ ਤੋਂ ਫੜ ਕੇ ਗੁਰੂ ਕੇ ਦਰਬਾਰ ਵਿਚ ਹਾਜ਼ਰ ਕਰੋ। ਇਹ ਹੁਕਮ ਤਸੀਲ ਚੂਨੀਆਂ (ਲਾਹੌਰ) ਦੀ ਸੰਗਤ ਨੂੰ ਵੀ ਪੁਜਾ। ਭਾਈ ਫੇਰੂ ਜੀ ਇਸ ਇਲਾਕੇ ਵਿਚ ਬੜੇ ਪਿਆਰ ਤੇ ਸ਼ਰਧਾ ਨਾਲ ਗੁਰਸਿਖੀ ਨੂੰ ਤਨੋਂ ਮਨੋਂ ਨਿਭਾ ਰਹੇ ਸਨ। ਗੁਰੂ ਕਾ ਲੰਗਰ ਚਲਾ ਰਹੇ ਸਨ। ਲੋੜਵੰਦਿਆਂ ਨੂੰ ਅੰਨ-ਪਾਣੀ ਦੇ ਨਾਲ ਬਸਤਰ ਵੀ ਦਿਤੇ ਜਾਂਦੇ ਸਨ। ਉਨ੍ਹਾਂ ਦੇ ਪਰਉਪਕਾਰੀ ਤੇ ਨਿਰਮਾਣ ਸੇਵਕ ਵਾਲੇ ਜੀਵਨ ਕਾਰਨ ਸੰਗਤ ਵਿਚੋਂ ਕਿਸੇ ਨੂੰ ਜੁਰਅਤ ਨਹੀਂ ਪੈਂਦੀ ਸੀ ਕਿ ਉਹ ਭਾਈ ਫੇਰੂ ਜੀ ਨੂੰ ਗੁਰੂ ਕੇ ਦਰਬਾਰ ਵਿਚ ਹਾਜ਼ਰ ਕਰਨ ਲਈ ਦਾੜ੍ਹੀ ਤੋਂ ਫੜ ਸਕੇ। ਭਾਈ ਫੇਰੂ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਆਪ ਸੰਗਤਾਂ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਮੈਨੂੰ ਦਾੜ੍ਹੀ ਤੋਂ ਫੜ ਲਓ ਅਤੇ ਪਾਤਸ਼ਾਹ ਦੇ ਚਰਨਾਂ ਵਿਚ ਹਾਜ਼ਰ ਕਰੋ। ਤਾਕਿ ਮੇਰੀ ਵੀ ਸੋਧ-ਸੁਧਾਈ ਹੋ ਜਾਵੇ ਅਤੇ ਮੇਰਾ ਖੋਟ ਨਿਕਲ ਜਾਵੇ।

ਜਦੋਂ ਕੋਈ ਵੀ ਅਜਿਹਾ ਕਰਨ ਨੂੰ ਤਿਆਰ ਨਾ ਹੋ ਸਕਿਆ ਤਾਂ ਭਾਈ ਫੇਰੂ ਜੀ ਨੇ ਆਪ, ਆਪਣੀ ਦਾੜ੍ਹੀ ਆਪਣੇ ਹੱਥ ਵਿਚ ਫੜ ਲਈ ਅਤੇ ਸੰਗਤਾਂ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਜਾ ਹਾਜ਼ਰ ਹੋਏ। ਸਾਹਿਬਾਂ ਨੇ ਦੂਰੋਂ ਹੀ ਭਾਈ ਫੇਰੂ ਜੀ ਨੂੰ ਸੰਗਤਾਂ ਦੇ ਨਾਲ ਇਸ ਦਸ਼ਾ ਵਿਚ ਆਉਂਦੇ ਵੇਖਿਆ। ਆਪ ਮੁਸਕ੍ਰਾ ਪਏ। ਭਾਈ ਫੇਰੂ ਜੀ ਦੀ ਨਿਮਰਤਾ ਵੇਖ ਕੇ ਅਤੀ ਪ੍ਰਸੰਨ ਹੋਏ ਅਤੇ "ਸੱਚੀ ਦਾੜ੍ਹੀ" ਤੇ "ਸੰਗਤਿ ਸਾਹਿਬ" ਦਾ ਰੁਤਬਾ ਬਖਸ਼ਿਆ। ਆਪ ਨੇ ਫੁਰਮਾਇਆ, "ਭਾਈ ਸਾਹਿਬ, ਆਪ ਵਲੋਂ ਦਸਵੰਧ ਦੀ ਮਾਇਆ ਸਾਨੂੰ ਲਗਾਤਾਰ ਪੁਜ ਰਹੀ ਹੈ। ਆਪ ਗੁਰੂ ਦੇ ਦਰ ਤੇ ਕਬੂਲ ਪਏ ਹੋ।"

ਲਾਗਿਓਂ ਮੁਨੀਮ ਨੇ ਕਿਹਾ ਕਿ ਭਾਈ ਸਾਹਿਬ ਵਲੋਂ ਤਾਂ ਮੇਰੇ ਹਿਸਾਬ ਕਿਤਾਬ ਵਿਚ ਅਜ ਤਕ ਕਿਤੇ ਵੀ ਮਾਇਆ ਜਮ੍ਹਾ ਨਹੀਂ ਹੋਈ ਦਿਸਦੀ। ਦਸਮੇਸ਼ ਜੀ ਨੇ ਲੇਖਾਕਾਰ ਨੂੰ ਦਸਿਆ ਕਿ ਭਾਈ ਫੇਰੂ ਕਾਰ-ਭੇਟਾ ਦੀ ਮਾਇਆ ਸਿੱਧੀ ਸਾਨੂੰ ਭੇਜੀ ਜਾਂਦਾ ਰਿਹਾ ਹੈ। ਇਸ ਨੇ ਗੁਰੂ ਕਾ ਲੰਗਰ ਚਲਾਇਆ ਹੋਇਆ ਹੈ ਅਤੇ ਲੋੜਵੰਦਿਆਂ ਤੇ ਥੁੜਿਆਂ ਹੋਇਆਂ ਦੀ ਹਰ ਤਰ੍ਹਾਂ ਦੀਆਂ ਲੋੜਾਂ-ਥੋੜਾਂ ਪੂਰੀਆਂ ਕਰਦਾ ਹੈ। ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਸੋ ਇਸ ਵਲੋਂ ਗੁਰੂ ਕੀ ਸਾਰੀ ਮਾਇਆ ਸਿੱਧੀ ਸਾਨੂੰ ਪੁਜ ਰਹੀ ਹੈ। ਐਉਂ ਗੁਰੂ ਪਾਤਸ਼ਾਹ ਨੇ ਭਾਈ ਫੇਰੂ ਜੀ ਪ੍ਰਤੀ ਬਚਨ ਕਰ ਕੇ ਸਿਰੋਪਾਉ ਦੀ ਬਖਸ਼ਸ਼ ਨਾਲ ਉਸ ਨੂੰ ਨਿਵਾਜਿਆ।

ਭਾਈ ਫੇਰੂ ਜੀ ਦਾ ਅਸਥਾਨ ਪਿੰਡ ਮੀਏਂ ਕੇ ਮੌੜ ਤਸੀਲ ਚੂਨੀਆਂ (ਲਾਹੌਰ) ਵਿਚ ਪਰਸਿਧ ਹੈ। ਸਟੇਸ਼ਨ ਛਾਂਗਾ ਮਾਂਗਾ ਤੋਂ ਨੌਂ ਮੀਲ ਅਤੇ ਕੋਟ ਰਾਧਾ ਕਿਸ਼ਨ ਤੋਂ ਦਸ ਮੀਲ ਹੈ। ਹੁਣ ਇਹ ਇਲਾਕਾ ਪਾਕਿਸਤਾਨ ਵਿਚ ਆ ਗਿਆ ਹੈ।

ਭਾਈ ਫੇਰੂ ਜੀ ਦੀ ਸੰਪ੍ਰਦਾ ਦੇ ਉਦਾਸੀ ਸਾਧੂ ਆਪਣੇ ਆਪ ਨੂੰ "ਸੰਗਤ ਸਾਹਿਬ ਕੇ" ਨਾਮ ਨਾਲ ਸਦਵਾਂਦੇ ਹਨ।

ਜਿਥੇ ਭਾਈ ਫੇਰੂ ਜੀ ਨੂੰ ਦਸਮੇਸ਼ ਜੀ ਨੇ ਇਤਨਾ ਮਾਣ ਸਤਿਕਾਰ ਬਖਸ਼ ਕੇ ਨਿਵਾਜਿਆ ਉਥੇ ਹੋਰ

(ਬਾਕੀ ਦੇਖੋ ਸਫ਼ਾ ੪੨ ਦੇ ਥੱਲੇ)



www.AKJ.Org

# ਖਾਲਸੇ ਨੂੰ ਬਾਣੀ ਅਤੇ ਬਾਣਾ

[ਬੀਬੀ ਦਲਜੀਤ ਕੌਰ ਜੀ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ]

ਇਕ ਦਿਨ ਭਾਈ ਉਦੇ ਸਿੰਘ ਜੀ ਜੰਗਲ ਵਿਚ ਗਏ। ਜੰਗਲ ਵਿਚ ਵਿਚਰਦਿਆਂ ਅਚਾਨਕ ਇਕ ਸ਼ੇਰ ਉਥੇ ਆ ਨਿਕਲਿਆ। ਭਾਈ ਉਦੇ ਸਿੰਘ ਜੀ ਸੁਚੇਤ ਹੋ ਗਏ ਅਤੇ ਸ਼ੇਰ ਤੋਂ ਦਾਅ ਬਚਾ ਕੇ ਆਪਣੀ ਬੰਦੂਕ ਨਾਲ ਉਸ ਦਾ ਸ਼ਿਕਾਰ ਕੀਤਾ।

ਭਾਈ ਸਾਹਿਬ ਨੇ ਦਸਮੇਸ਼ ਜੀ ਦੇ ਚਰਨਾਂ ਵਿਚ ਪੁਜ ਕੇ ਉਨ੍ਹਾਂ ਨੂੰ ਦਸਿਆ, ਕਿ ਕਿਵੇਂ ਉਹ ਜੰਗਲ ਵਿਚ ਵਿਚਰ ਰਿਹਾ ਸੀ ਕਿ ਅਚਣਚੇਤ ਉਥੇ ਇਕ ਸ਼ੇਰ ਆ ਨਿਕਲਿਆ, ਸੇਵਕ ਨੇ ਬੰਦੂਕ ਦਾ ਨਿਸ਼ਾਨਾ ਸਿੰਨ੍ਹਿਆ ਅਤੇ ਉਸ ਨੂੰ ਉਥੇ ਹੀ ਚਿਤ ਕਰ ਦਿਤਾ ਹੈ।

ਕਲਗੀਧਰ ਪਿਤਾ ਜੀ ਨੇ ਦਾਸਾਂ ਨੂੰ ਭੇਜ ਕੇ ਪੈਰਾਂ ਤੋਂ ਸਿਰ ਤਕ ਸ਼ੇਰ ਦੀ ਖੱਲ ਲੁਹਾਈ ਅਤੇ ਰਾਤ ਨੂੰ ਇਕ ਖੋਤਾ ਮੰਗਵਾ ਕੇ ਉਸ ਉਤੇ ਉਹ ਸਾਰੀ ਖੱਲ ਚੜ੍ਹਵਾ ਦਿਤੀ। ਉਸ ਸ਼ੇਰ-ਨੁਮਾ ਖੋਤੇ ਨੂੰ ਚੋਜੀ ਪਿਤਾ ਜੀ ਨੇ ਬਾਹਰ ਖੇਤਾਂ ਵਿਚ ਭੇਜ ਦਿਤਾ। ਸਵੇਰੇ ਜਦ ਆਮ ਲੋਕਾਂ ਨੇ ਉਸ ਨੂੰ ਦੇਖਿਆ ਤਾਂ ਡਰਦੇ ਮਾਰਿਆਂ ਦੂਰੋਂ ਹੀ ਵੇਖ ਕੇ ਉਥੋਂ ਭਜ ਆਏ। ਕੋਈ ਉਸ ਦੇ ਨੇੜੇ ਨਾ ਗਿਆ। ਸਿਖਾਂ ਨੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਪੁਜ ਕੇ ਬੇਨਤੀ ਕੀਤੀ, "ਪਾਤਸ਼ਾਹ, ਖੇਤਾਂ ਵਿਚ ਸ਼ੇਰ ਆ ਗਿਆ ਹੈ, ਕੋਈ ਉਪਾਅ ਕਰੋ।" ਚੋਜੀ ਪਾਤਸ਼ਾਹ ਗੱਲ ਸੁਣ ਕੇ ਚੁਪ ਕਰ ਗਏ, ਕਿਉਂਕਿ ਉਨ੍ਹਾਂ ਨੇ ਤਾਂ ਆਪ ਹੀ ਕੌਤਕ ਰਚਿਆ ਸੀ। ਉਹ ਸਿੰਘਾਂ ਨੂੰ 'ਬਾਣੀ ਤੇ ਬਾਣੇ' ਦੀ ਰਮਜ਼ ਸਮਝਾਉਣਾ ਚਾਹੁੰਦੇ ਸਨ।

ਦਿਨ ਭਰ ਕੋਈ ਵੀ ਉਸ ਪਾਸੇ ਡਰਦਿਆਂ ਨਾ ਗਿਆ। ਸ਼ੇਰ ਦੇ ਬਾਣੇ ਵਾਲਾ ਖੋਤਾ ਬੇਫ਼ਿਕਰ ਹੋ ਕੇ ਖੇਤੀਆਂ ਖਾਂਦਾ ਰਿਹਾ। ਪਹਿਰ ਰਾਤ ਬੀਤੇ ਉਹ ਰਜ ਪੁਜ ਕੇ ਕੁਮ੍ਹਾਰ ਦੇ ਘਰ ਅਗੇ ਆ ਖੜੋਤਾ। ਜਦ ਸਵੇਰੇ ਕੁਮ੍ਹਾਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਬੂਹੇ ਅਗੇ ਸ਼ੇਰ ਵੇਖ ਕੇ ਡਰ ਨਾਲ ਘਬਰਾ ਗਿਆ। ਪਰ ਫੇਰ ਵੇਖਿਆ ਕਿ ਇਸ ਵਿਚ ਤਾਂ ਸ਼ੇਰਾਂ ਵਾਲੀ ਕੋਈ ਹੱਲ-ਚੱਲ ਜਾਂ ਭਬਕ ਨਹੀਂ। ਉਹ ਕਹਿਣ ਲਗਾ, ਰੂਪ ਸ਼ੇਰ ਦਾ ਹੈ, ਕਰਨੀ ਸ਼ੇਰ ਦੀ ਨਹੀਂ। ਹੌਲੀ ਹੌਲੀ ਦੇਖਦਾ ਨੇੜੇ ਆਇਆ। ਤਾਂ ਨਿਸਚੇ ਕੀਤਾ ਕਿ ਉਹ ਸ਼ੇਰ ਨਹੀਂ ਸੀ। ਪਿੱਠ ਵਿਚ ਸੋਟੀ ਮਾਰੀ, ਖਲ ਲਾਹ ਕੇ ਖੋਤੇ ਵਾਲਾ ਪਲਾਣਾ ਉਤੇ ਪਾਇਆ ਅਤੇ ਭਾਰ ਲਦ ਕੇ ਲੈ ਤੁਰਿਆ।

ਸਿਖ-ਸੇਵਕਾਂ ਨੇ ਇਹ ਸਭ ਕੁਝ ਵੇਖਿਆ ਤਾਂ ਉਨ੍ਹਾਂ ਗੁਰੂ ਮਹਾਰਾਜ ਨੂੰ ਜਾ ਦਸਿਆ, 'ਪਾਤਸ਼ਾਹ, ਉਹ ਤਾਂ ਸ਼ੇਰ ਨਹੀਂ ਸੀ, ਖੋਤਾ ਸੀ।'

ਚੋਜੀ ਪਿਤਾ ਨੇ ਇਸ ਚਿੰਨ੍ਹ ਮਾਤਰ ਕੌਤਕ ਤੋਂ ਸਿਖ-ਸੇਵਕਾਂ ਨੂੰ ਸਿਖ-ਮੱਤ ਦੇਣੀ ਸੀ। ਉਨ੍ਹਾਂ ਨੇ ਸਭ ਨੂੰ ਸੁਣਾ ਕੇ ਕਿਹਾ ਕਿ ਕੁਮ੍ਹਾਰ ਦੇ ਵਸ ਖੋਤਿਆਂ ਵਾਂਗ ਜੋ ਆਪਣੀ ਜ਼ਿੰਦਗੀ ਬਿਤਾਂਦੇ ਹਨ ਉਹ ਕੁਮ੍ਹਾਰ ਤੋਂ ਸੋਟਿਆਂ ਦੀ ਮਾਰ ਖਾਂਦੇ ਰਹਿੰਦੇ ਹਨ ਅਤੇ ਸਾਰੀ ਉਮਰ ਉਸ ਦਾ ਪਲਾਣਾ ਪਹਿਰ ਕੇ ਭਾਰ ਹੀ ਢੋਂਦੇ ਰਹਿੰਦੇ ਹਨ। ਪਰ ਮੈਂ ਤੁਹਾਨੂੰ ਇਸ ਪਲਾਣੇ ਤੋਂ ਛੁਡਾਉਣਾ ਲੋੜਦਾ ਹਾਂ ਅਤੇ ਅਕਾਲ ਪੁਰਖ ਦਾ ਬਖ਼ਸ਼ਿਆ ਬਾਣਾ ਤੇ ਬਾਣੀ ਦੇ ਕੇ ਸਭ ਤੋਂ ਉਚਾ ਅਤੇ ਸਤਾਣਾ ਬਣਾਇਆ ਚਾਹੁੰਦਾ ਹਾਂ। ਇਸ ਨੂੰ ਗ੍ਰਹਿਣ ਕਰਨ ਨਾਲ ਮੈਂ ਲੋਕ ਪਰਲੋਕ ਵਿਚ ਤੁਹਾਡੀ ਸਹਾਇਤਾ ਕਰਾਂਗਾ। ਪਰ ਜੋ ਬਾਣਾ ਅਤੇ ਬਾਣੀ ਧਾਰਨ ਨਹੀਂ ਕਰਨਗੇ ਉਹ ਲੋਕ ਪਰਲੋਕ ਵਿਚ ਧਕੇ ਖਾਣਗੇ ਅਤੇ ਖੋਤੇ ਵਾਂਗ ਜ਼ਿੰਦਗੀ ਬਸਰ ਕਰਨਗੇ।

ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਉਂ ਲਿਖਿਆ ਹੈ :—

ਜਾਤ ਪਾਤ ਮਹਿ ਰਾਸ਼ਭ ਜੈਸੇ॥ ਬਸੀ ਕੁਲਾਲ ਲਾਜ ਮਹਿ ਤੈਸੇ॥
ਤਿਸ ਤੇ ਸਤਿਗੁਰ ਲਏ ਨਿਕਾਸ॥ ਬਖਸੇ ਸਗਲ ਪਦਾਰਥ ਪਾਸ॥
ਸ੍ਰੀ ਅਸਧੁਜ ਕੋ ਦੇ ਕਰ ਬਾਣਾ॥ ਸਭ ਤੇ ਊਚੇ ਕਰੇ ਸੁਤਾਣਾ॥



www.AKJ.Org

ਹਲਤਿ ਬਿਖੇ ਸੁਭ ਭੋਗ ਬਿਸਾਲੇ ॥ ਪਲਤਿ ਬਿਖੈ ਕਰੋ ਸੰਭਾਲੇ ॥
ਉਤਮ ਪਦ ਮੈ ਤਬ ਪਹੁਚਾਊਂ ॥ ਜਮ ਬਸਿ ਪਰਬੇ ਤੇ ਛੁਟਕਾਊਂ ॥
ਜਿਮ ਰਾਸ਼ਭ ਧਰਿ ਕੇਹਰ ਬਾਨਾ ॥ ਬਿਨ ਡਰ ਕਰਬੋ ਖੇਤ ਗਨ ਖਾਨਾ ॥
ਪੁਨ ਕੁਲਾਲ ਕੋ ਪ੍ਰਵਿਸਯੋ ਜਾਈ ॥ ਲਾਦ ਗੂਣ ਕੋ ਲਸ਼ਟ ਲਗਾਈ ॥
ਤਿਮ ਹੁਇ ਸਿੰਘ ਜਾਤਿ ਮੈਂ ਪਰੈ ॥ ਤਜੈ ਸ਼ਸਤ੍ਰ ਭੈ ਕੋਇ ਨ ਧਰੈ ॥
ਹਲਤ ਕਾਰ ਕੋ ਕਰਤ ਗਵਾਵੈ ॥ ਪਲਤ ਸਹਾਇਕ ਕੋਇ ਨ ਪਾਵੈ ॥
ਤਜਹਿ ਸ਼ਸਤ੍ਰ ਭੈ ਕਰਹਿ ਨ ਕੋਈ ॥ ਭਯੋ ਗਧੇ ਕਾ ਗਧਹਾ ਸੋਈ ॥
ਯਾਂ ਤੇ ਸ੍ਰੀ ਅਕਾਲ ਕੋ ਬਾਨਾ ॥ ਦੇ ਮੈਂ ਕੀਏ ਸਿੰਘ ਸਮਾਨਾ ॥
ਇਸ ਕੇ ਧਰੇ ਸਦਾ ਸੁਖ ਹੋਈ ॥ ਤਿਆਗੇ ਦੋਨਹੁ ਲੋਕ ਨ ਢੋਈ ॥
ਇਮ ਕਲਗੀਧਰ ਸਿਖ ਸਮਝਾਏ ॥ ਧੰਨਿ ਧੰਨਿ ਗੁਰ ਸਭਨਿ ਅਲਾਏ ॥

[ਗੁਰ ਪ੍ਰਤਾਪ ਸੂਰਜ, ਜਿਲਦ ੧੨, ਪੰਨਾ ੫੦੬੯

ਔਖੇ ਪਦ—ਰਸ਼ਿਭ—ਖੋਤਾ । ਕੁਲਾਲ—ਕੁਮ੍ਹਾਰ । ਬਿਸਾਲ—ਬਹੁਤ । ਕੇਹਰ—ਸ਼ੇਰ । ਗੂਣ—ਛਟ, ਭਾਵ ਬੋਝ । ਲਸ਼ਟ—ਸੋਟੀ ।

---

(ਸਫਾ ੪੦ ਦੀ ਬਾਕੀ)

ਮਸੰਦਾਂ ਨੂੰ ਕਰੜੀਆਂ ਤੋਂ ਕਰੜੀਆਂ ਸਜ਼ਾਵਾਂ ਦਿਤੀਆਂ । ਕਈ ਇਤਿਹਾਸਕਾਰਾਂ ਨੇ ਇਥੋਂ ਤਕ ਲਿਖਿਆ ਹੈ ਕਿ ਕਲਗੀਧਰ ਪਾਤਸ਼ਾਹ ਨੇ ਆਚਰਨ-ਹੀਨ ਮਸੰਦਾਂ ਨੂੰ ਤੇਲ ਵਿਚ ਤਲ ਕੇ ਸਾੜ ਦਿਤਾ ਸੀ ।

ਗੁਰੂ ਕੀ ਗੋਲਕ ਅਤੇ ਪੂਜਾ ਦਾ ਧਾਨ ਛਕਣ ਨਾਲ ਬੁੱਧ ਭ੍ਰਿਸ਼ਟ ਜਾਂਦੀ ਹੈ ਅਤੇ ਉਹ ਗੁਰੂ ਕੇ ਦ੍ਰਿੜ੍ਹਾਏ ਹੁਕਮਾਂ ਤੋਂ ਆਕੀ ਹੋ ਜਾਂਦਾ ਹੈ । ਉਸ ਦਾ ਜਵੀਨ ਬਾਹਰਮੁਖੀ ਹੀ ਰਹਿ ਜਾਂਦਾ ਹੈ, ਉਹ ਅੰਦਰੋਂ ਥੋਥਾ ਹੋ ਜਾਂਦਾ ਹੈ ਅਤੇ ਸੇਵਾ—ਸਿਮਰਨ ਦੀ ਉੱਚੀ ਸੁੱਚੀ ਦਾਤਿ ਦੀ ਉਸ ਨੂੰ ਸੋਝੀ ਹੀ ਨਹੀਂ ਰਹਿੰਦੀ ।

ਭਾਈ ਗੁਰਦਾਸ ਜੀ ਨੇ ੩੫ਵੀਂ ਵਾਰ ਦੀ ੧੨ਵੀਂ ਪਉੜੀ ਵਿਚ ਕਈ ਉਦਾਹਰਣ ਦੇ ਕੇ ਅੰਤ ਵਿਚ ਇਸ ਪੂਜਾ ਦੇ ਧਾਨ ਨੂੰ ਖੰਡ ਵਿਚ ਗਲੇਫੀ ਜ਼ਹਿਰ ਦਸਿਆ ਹੈ । ਆਪ ਲਿਖਦੇ ਹਨ—

ਜਿਉ ਮਿਰਜਾਦਾ ਹਿੰਦੂਆਂ ਗਊ ਮਾਹੁ ਅਖਾਜੁ ॥ ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ ॥
ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ ॥ ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ ॥
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ ॥ ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ ॥

---


**ਚਿੱਟ ਨੰਬਰ ?** ਪਾਠਕ ਸਜਣੋ ! ਕਿਰਪਾ ਕਰ ਕੇ ਚਿਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਸਾਡੀ ਇਹ ਬੇਨਤੀ ਕਦੇ ਵੀ ਨਾ ਭੁਲੋ। ਅਸੀਂ ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਆਪ ਨੂੰ ਭੇਜਦੇ ਹਾਂ।

**ਪਰਚੇ ਗੁੰਮ**—ਅਸ਼ੀਂ ਹਰੇਕ ਪਾਠਕ ਦਾ "ਸੂਰਾ" ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾ ਦਿੰਦੇ ਹਾਂ। ਰਸਤੇ ਵਿਚ ਕਈ ਪਰਚੇ ਗੁੰਮ ਕਰ ਲਏ ਜਾਂਦੇ ਹਨ । ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ ।

## HAIR–A DIVINE GIFT

ਅੰਗਰੇਜ਼ੀ ਦਾ ਇਹ ਟ੍ਰੈਕਟ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਟ੍ਰੈਕਟ "ਕੀ ਕੇਸ ਰਖਣੇ ਜ਼ਰੂਰੀ ਹਨ ?" ਦਾ ਉਲਥਾ ਹੈ । ਅੰਗਰੇਜ਼ੀ ਪੜ੍ਹੇ ਲਿਖੇ ਸਜਣਾਂ ਵਿਚ ਪਰਚਾਰ ਕਰਨ ਲਈ ਇਸ ਨੂੰ ਥਾਉਂ ਥਾਈਂ ਪਹੁੰਚਾਓ ।

ਭੇਟਾ ਚਾਲੀ ਪੈਸੇ




www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠਾਂ ਦਰਜ ਮੈਂਬਰਾਂ ਦੇ ਸੌ ਸੌ ਰੁਪਏ ਪੁੱਜੇ ਹਨ। ਬੈਂਕ ਵਿਚੋਂ ਬਣਵਾਈਆਂ ਗਈਆਂ ਐਫ ਡੀਆਂ ਦੇ ਨੰਬਰ ਨਾਵਾਂ ਦੇ ਸਾਹਮਣੇ ਦਰਜ ਹਨ :–

| | | | | |
|---|---|---|---|---|
| 738. | Wg Cdr. ਇੰਦਰਜੀਤ ਸਿੰਘ ਅਹੂਜਾ | (ਚਿਟ ਨੰ: 3738) | 170481/1290/80 | ਮਿਤੀ 24.12.80 |
| 739. | ਮਿਸਿਜ਼ ਜੀਤਕੌਰ c/o ਖਾਲਸਾ ਡ੍ਰੈਸਰਜ਼ | ( ,, 3739) | 170482/1291/80 | ,, |
| 740. | ਸ: ਸੁਖਜਿੰਦਰ ਸਿੰਘ ਫਲੌਰਾ | ( ,, 3740) | 170483/1292/80 | ,, |
| 741. | ਸ: ਰੇਸ਼ਮ ਸਿੰਘ ਮਠਾਰੂ | ( ,, 3741) | 170484/1293/80 | ,, |
| 742. | ਸ: ਰਣਜੀਤ ਸਿੰਘ ਵਡਾਲੀ ਗੁਰੂ | ( ,, 3742) | 170485/1294/80 | ,, |
| 743. | ਸ: ਬਸੰਤ ਸਿੰਘ s/o ਸ੍ਰੀ ਸੇਵਾ ਰਾਮ | ( ,, 3743) | 170486/1295/80 | ,, |
| 744. | ਸ: ਬੀ. ਐਸ. ਸੇਖੋਂ ਪਰਸਨਲ ਮੈਨੇਜਰ | ( ,, 3744) | 170487/1296/80 | ,, |
| 745. | L/NK ਸਤਨਾਮ ਸਿੰਘ | ( ,, 3745) | 170488/1297/80 | ,, |
| 746. | ਸ: ਅਵਤਾਰ ਸਿੰਘ ਬਰਮੀ | ( ,, 3746) | 170489/1298/80 | ,, |
| 747. | ਸ: ਜੀਵਨ ਸਿੰਘ ਕੈਸ਼ੀਅਰ | ( ,, 3747) | 170490/1299/80 | ,, |

## ਪਰਦੇਸਾਂ ਲਈ ਰੇਟ-ਅਮਾਨਤੀ ਲਾਈਫ਼ ਮੈਂਬਰ

ਯੂ. ਕੇ. ਅਫ਼ਰੀਕਾ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

---

## ਕੋਟ ਫਤੂਹੀ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ

ਭਾਈ ਸੁਬੇਗ ਸਿੰਘ ਜੀ ਮੰਨਣ ਬੇਨਤੀ ਕਰਦੇ ਹਨ ਕਿ ਕੋਟ ਫਤੂਹੀ ਵਿਖੇ ੧੦ ਜਨਵਰੀ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ਆਸਾ ਦੀ ਵਾਰ ਦੇ ਕੀਰਤਨ ਹੋਣੇ ਹਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਜੀ ਤੇ ਗੁਰਬਾਣੀ ਦੇ ਅਨੰਦ ਮਾਣੋ ਜੀ। ਪਿੰਡ ਕੋਟ ਬੈਰਾਮ ਤੋਂ ਮਾਹਲਪੁਰ ਵਾਲੀ ਸੜਕ ਤੇ ਹੈ। ਫਗਵਾੜੇ ਤੋਂ ਆਮ ਬਸ ਮਿਲਦੀਆਂ ਹਨ।

ਪੁਛ ਗਿਛ—ਭਾਈ ਸਤਨਾਮ ਸਿੰਘ ਪਿੰਡ ਕੋਟ ਜ਼ਿਲਾ ਹੁਸਿਆਰਪੁਰ

---

## ਪਿੰਡ ਮੰਨਣ (ਜਲੰਧਰ) ਵਿਖੇ ਸ੍ਰੀ ਅਖੰਡ ਪਾਠ ਤੇ ਦਿਵਸ ਸੁਹੇਲਾ ਕੀਰਤਨ

੪ ਜਨਵਰੀ ਐਤਵਾਰ ਨੂੰ ਸਵੇਰੇ ਮੰਨਣ ਵਿਖੇ ਦੂਜੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਦੁਪਹਿਰ ਇਕ ਵਜੇ ਤਕ ਦਿਵਸ ਸੁਹੇਲਾ ਕੀਰਤਨ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆ ਭਰ ਕੇ ਲਾਹੇ ਪ੍ਰਾਪਤ ਕਰਨ। ਮੰਨਣ ਵਾਸਤੇ ਜਲੰਧਰ ਤੋਂ ਪਹਿਲੀ ਬਸ ੮-੩੦ ਚਲਦੀ ਹੈ। ਕਰਤਾਰਪੁਰ ਤੋਂ ੮ ਵਜੇ ਟਰਾਲੀ ਚਲੇਗੀ।

ਪੁਛ ਗਿਛ—ਮਾ: ਗੁਰਬਚਨ ਸਿੰਘ, ਦਿਆਲਪੁਰ

---

## ਦੋਲੀਕੇ (ਜਲੰਧਰ) ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ

ਭਾਈ ਸੁਬੇਗ ਸਿੰਘ ਜੀ ਮੰਨਣ (ਜਲੰਧਰ) ਸੂਚਨਾ ਦਿੰਦੇ ਹਨ ਕਿ ਦੋਲੀਕੇ ਵਿਖੇ ੧੪ ਤੋਂ ੧੮ ਜਨਵਰੀ ਤਕ ਦੋ ਸ੍ਰੀ ਅਖੰਡ ਪਾਠ ਹੋਣਗੇ। ਉਪਰੰਤ ਐਤਵਾਰ ਨੂੰ ਦੁਪਹਿਰ ਇਕ ਵਜੇ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਲੈਣ। ਦੋਲੀਕੇ ਲਈ ਜਲੰਧਰੋਂ ਪਹਿਲੀ ਬਸ ੮ ਵਜੇ ਚਲਦੀ ਹੈ।

www.AKJ.Org

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼-ਉਤਸ਼ਵ ਦਾ ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

## ੧੦ ਜਨਵਰੀ ਸ਼ਨੀਵਾਰ ਸਵੇਰ ਤੋਂ ੧੩ ਜਨਵਰੀ ੧੯੮੧ ਮੰਗਲਵਾਰ ਸਵੇਰ ਤਕ

ਭਾਰਤ ਭਰ ਦੇ ਕੀਰਤਨੀ ਜਥਿਆਂ ਵਲੋਂ ਦਸਮੇਸ਼ ਪਿਤਾ ਜੀ ਦਾ ਅਵਤਾਰ ਦਿਵਸ ਸਦਾ ਵਾਂਗ ਗੁ: ਸ੍ਰੀ ਗੁਰੂ ਸਿੰਘ ਮਾਡਲ ਟਾਊਨ, ਲੁਧਿਆਣਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨੀ ਅਖਾੜਿਆਂ ਦੇ ਰੰਗ ਮਾਨਣ ਲਈ ਪਰਵਾਰਾਂ ਸਮੇਤ ਹੁਮ ਹੁਮਾ ਕੇ ਪੁਜੋ ਜੀ ਅਤੇ ਕਲਗੀਧਰ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪ੍ਰੋਗਰਾਮ ਇਹ ਹੈ –

੧੦ ਜਨਵਰੀ ੮੧ ਸਵੇਰੇ ੫-੩੦ ਤੋਂ ੮-੦੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ (ਗੁ: ਸਿੰਘ ਸਭਾ ਵਿਖੇ)
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ ,, ,,
੧੧ ਜਨਵਰੀ ੮੧ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ (੭੯.ਮਾਡਲ ਟਾਊਨ ਗੁਰਪੁਰਵਾਸੀ ਭਾ ਸਾ ਰਣਧੀਰ ਸਿੰਘ ਦੇ ਰਿਹਾਇਸ਼ੀ ਅਸਥਾਨ ਤੇ)
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ (ਸਿੰਘ ਸਭਾ ਵਿਖੇ)
੧੨ ਜਨਵਰੀ ੮੧ ਸਵੇਰੇ ੬-੦੦ ਭੋਗ ਸ੍ਰੀ ਅਖੰਡ ਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ
ਦੁਪਹਿਰ ਪਿਛੋਂ ਅੰਮ੍ਰਿਤ-ਸੰਚਾਰ ਸਮਾਗਮ
ਸ਼ਾਮ ੭-੩੦ ਰੈਣ ਸਬਾਈ ਕੀਰਤਨ (੧੩ ਜਨਵਰੀ ਮੰਗਲਵਾਰ ਸਵੇਰੇ ੭-੩੦ ਸਮਾਪਤੀ)

ਨੋਟ :-੧, ਸਵਾਗਤੀ ਦਫਤਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ ' ੨. ਬਿਸਤਰੇ ਜ਼ਰੂਰ ਲਿਆਉਣੇ ਜੀ। ੩. ਮੌਸਮ ਠੀਕ ਹੋਣ ਦੀ ਹਾਲਤ ਵਿਚ ਸ਼ਾਮਾਂ ਅਤੇ ਰੈਣ ਸਬਾਈ ਦੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੇ ਸਾਹਮਣੇ ਗਰਲਜ਼ ਕਾਲਜ ਦੇ ਖੁਲ੍ਹੇ ਪੰਡਾਲ ਵਿਖੇ ਹੋਣਗੇ ਅਤੇ ੧੧ ਜਨਵਰੀ ਸਵੇਰੇ ਦਾ ਸਮਾਗਮ ੭੯,ਮਾਡਲ ਟਾਊਨ ਵਿਖੇ ਹੋਵੇਗਾ।

ਪੁਛ ਗਿਛ–ਡਾ: ਦਰਸ਼ਨ ਸਿੰਘ 8/9 ਖੇਤੀ ਯੂਨੀਵਰਸਿਟੀ ਲੁਧਿਆਣਾ
ਸ: ਦਿਆਲ ਸਿੰਘ, ੭੯੧-ਗੁਰਦੇਵ ਨਗਰ, ਲੁਧਿਆਣਾ

ਦਰਸ਼ਨ ਅਭਿਲਾਖੀ :
ਅਖੰਡ ਕੀਰਤਨੀ ਜਥਾ ਲੁਧਿਆਣਾ

---

# ਮਾਸਕ ਰੈਣ ਸਬਾਈ ਮੋਗਾ ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ

੧੭ ਜਨਵਰੀ ੮੧ ਦਿਨ ਸ਼ਨੀਵਾਰ ਨੂੰ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇੜੇ ਵੱਡਾ ਬਿਜਲੀ ਘਰ ਮੋਗਾ ਵਿਖੇ ਮਾਸਕ ਰੈਣ ਸਬਾਈ ਬੜੀ ਚੜ੍ਹਦੀ ਕਲਾ ਵਿਚ ਮਨਾਈ ਜਾ ਰਹੀ ਹੈ ਜਿਸ ਵਿਚ ਦੂਰੋਂ ਨੇੜਿਓਂ ਬੇਅੰਤ ਕੀਰਤਨੀਏ ਅਤੇ ਸਰੋਤੇ ਪੁੱਜ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

ਪੁਛ ਗਿਛ-ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਬਦੀ (ਸੰਗਰੂਰ)

---

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਦਾ ਪ੍ਰੋਗਰਾਮ

੧੯੭੮ ਵਿਸਾਖੀ ਦੇ ਸ਼ਹੀਦੀ ਸਾਕੇ ਪਿਛੋਂ ਦੋ ਸਾਲ ਤੋਂ ਲੁਧਿਆਣਾ ਜਥੇ ਵਲੋਂ ਹਰ ਮੰਗਲਵਾਰ ਸ਼ਾਮ ਨੂੰ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ ਕੀਤੇ ਜਾ ਰਹੇ ਹਨ। ਜਨਵਰੀ ੧੯੮੧ ਵਿਚ ਸ਼ਾਮ ਨੂੰ ਛੇ ਤੋਂ ਸਾਢੇ ਅਠ ਤਕ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ –

੬ ਜਨਵਰੀ ਗੁਰਦਵਾਰਾ ਸਾਹਿਬ ਪਿੰਡ ਹਥਨ, ਨੇੜੇ ਮਲੇਰ ਕੋਟਲਾ।
੧੩ ਜਨਵਰੀ ਲੁਧਿਆਣਾ ਵਿਖੇ ਸੈਂਟਰਲ ਸਮਾਗਮ ਸ੍ਰੀ ਦਸਮੇਸ਼ ਪ੍ਰਕਾਸ਼ ਉਤਸ਼ਵ।
੨੦ ਜਨਵਰੀ ਗੁਰਦਵਾਰਾ ਸਾਹਿਬ ਪਿੰਡ ਭਨੋੜ ਪੰਜਾਬ, ਨੇੜੇ ਬੱਦੋਵਾਲ।
੨੭ ਜਨਵਰੀ ਗੁਰਦਵਾਰਾ ਸਾਹਿਬ ਲਲਤੋਂ ਖੁਰਦ।

ਦਾਸ–ਡਾ: ਦਰਸ਼ਨ ਸਿੰਘ, 8/9, ਖੇਤੀ ਯੂਨੀਵਰਸਿਟੀ, ਲੁਧਿਆਣਾ।

---

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title : Navketan Press, Amritsar.

www.AKJ.Org